ਪੰਜਾਬੀ ਦਾ ਸਭ ਤੋਂ ਵਧ ਛਪਣ ਤੇ ਵਿਕਣ ਵਾਲਾ

DAILY AJIT

ਅਜੀਤ

REGD NO. ਪ/JL-29

ਐਡੀਟਰ: ਸਾਧੂ ਸਿੰਘ ਹਮਦਰਦ ਐਮ.ਏ.; ਐਲ.ਐਲ.ਬੀ. Editor SADHU SINGH HAMDARD M.A.L.L.B.

ਚੀਫ ਐਡੀਟਰ: ਸਾਧੂ ਸਿੰਘ 'ਹਮਦਰਦ' ਐਮ ਏ., ਐਲ ਐਲ ਬੀ.
ਵੀਰਵਾਰ, 16 ਅਪਰੈਲ 1981 — 4 ਵਿਸਾਖ 2038

ਮੁਲ 40 ਪੈਸੇ

ਹਵਾਈ ਡਾਕ ਰਾਹੀਂ 50 ਪੈਸੇ (ਸ੍ਰੀਨਗਰ ਲਈ)
ਜਿਲਦ ਨੰ: 40 — ਨੰ: 104

ਨਵੀਂ ਡਰੀਮ ਗਰਲ – ਸਮਿਤਾ ਪਾਟਿਲ?

ਜੇ ਮੈਂ ਇਹ ਕਹਾਂ ਕਿ ਲੰਮੇ ਸਮੇਂ ਤਕ ਫਿਲਮੀ ਪਰਦੇ ਦੀ ਸ਼ਾਨ ਵਧਾਉਣ ਵਾਲੀ ਡਰੀਮ ਗਰਲ ਹੇਮਾ ਮਾਲਿਨੀ ਦਾ ਰਾਜ ਹੁਣ ਖਤਮ ਹੋਣ ਲਗਾ ਹੈ ਤਾਂ ਇਸ ਯਥਾਰਥ ਤੋਂ ਸ਼ਾਇਦ ਹੇਮਾ ਨੂੰ ਵੀ ਇਨਕਾਰ ਨਹੀਂ ਹੋਵੇਗਾ। 'ਕਿਨਾਰਾ', 'ਮੀਰਾ', 'ਦਿਲ ਕਾ ਹੀਰਾ', 'ਦੀ ਬਰਨਿੰਗ ਟਰੇਨ' ਅਤੇ ਤਾਜ਼ੀ ਫਿਲਮ 'ਆਸ ਪਾਸ' ਦੀ ਨਾਕਾਮੀ ਤੋਂ ਵੀ ਇਹ ਗਲ ਸਿਧ ਹੋ ਜਾਂਦੀ ਹੈ ਕਿ ਡਰੀਮ ਗਰਲ ਦੀ ਹੁਣ ਜਨ-ਸਾਧਾਰਣ ਦੇ ...

ਤਾਂ ਸ਼ਾਇਦ ਕਿਸੇ ਦਾ ਧਿਆਨ ਹੀ ਇਸ ਵਲ ਨਾ ਜਾਂਦਾ ਕਿ ਰੇਖਾ ਵੀ ਪ੍ਰਥਮ ਸ਼੍ਰੇਣੀ ਵਿਚ ਕੋਈ ਸਥਾਨ ਰਖਦੀ ਹੈ। 'ਖੂਬਸੂਰਤ' ਦੇ ਬਾਅਦ 'ਜੁਦਾਈ' ਅਤੇ 'ਮਾਂਗ ਭਰੋ ਸਜਨਾ' ਰੇਖਾ ਦੀਆਂ ਅਜਿਹੀਆਂ ਫਿਲਮਾਂ ਕਹੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਉਸ ਨੇ ਭਾਰਤੀ ਨਾਰੀ ਦਾ ਇਮੇਜ ਬਨਾਉਣ ਦੀ ਕੋਸ਼ਿਸ਼ ਕੀਤੀ ਤੇ ਕਿਸੇ ਹੱਦ ਤਕ ਸਫਲ ਵੀ ਰਹੀ।

ਪਰਵੀਨ ਬਾਬੀ ਵੈਸੇ ਤਾਂ ਲੋਕ-ਪ੍ਰਿਯਤਾ ਦੀ ਦੌੜ ਵਿਚ ਸ਼ਾਮਲ ਨਹੀਂ ...

ਜਿਥੋਂ ਤੱਕ ਦੀਰਘ-ਕਾਲ ਅਤੇ ਵਿਆਪੀ ਲੋਕਪ੍ਰਿਯਤਾ ਦਾ ਸੰਬੰਧ ਹੈ ਮੈਂ ਇਸ ਮੌਕੇ ਤੇ ਇਹ ਕਹਿਣ ਤੇ ਜ਼ਰਾ ਵੀ ਝਿਜਕ ਮਹਿਸੂਸ ਨਹੀਂ ਕਰਦਾ ਕਿ ਸਮਿਤਾ ਪਾਟਿਲ ਉਨ੍ਹਾਂ ਉਚਾਈਆਂ ਨੂੰ ਛੂਹੇਗੀ ਜਿਥੇ ਅਜ ਤਕ ਨਾ ਹੇਮਾ ਪਹੁੰਚੀ ਹੈ, ਨਾ ਜ਼ੀਨਤ, ਨਾ ਰੇਖਾ, ਨਾ ਪਰਵੀਨ ਅਤੇ ਨਾ ਰਾਖੀ। ਹੋ ਸਕਦਾ ਹੈ ਇਸ ਭੇਵਕਤੀ ਭਵਿਖ ਬਾਣੀ ਤੇ ਅੱਜ ਕੁਝ ਸਥੀ ਵਿਅਕਤੀਆਂ ਨੂੰ ਯਕੀਨ ਨਾ ਹੋਵੇ।

ਇਹ ਵੀ ਹੋ ਸਕਦਾ ਹੈ ਕਿ ਕੁਝ ਦਿਲ ਸੜੇ ਇਸ ਨੂੰ ਚਾਪਲੂਸੀ ਕਹਿਣ ਪਰ ਆਉਣ ਵਾਲਾ ਸਮਾਂ ਨਿਰਸੰਦੇਹ ਸਮਿਤਾ ਪਾਟਿਲ ਦਾ ਹੋਵੇਗਾ। ਮੈਂ ਇਹ ਗਲ ਬਹੁਤ ਯਕੀਨ ਤੇ ਇਮਾਨਦਾਰੀ ਨਾਲ ਕਹਿ ਸਕਦਾ ਹਾਂ।

ਸਮਿਤਾ ਪਾਟਿਲ ਜਿਸ ਨੇ ਕਿਸੇ ਸ਼ੋਰ-ਸ਼ਰਾਬੇ ਅਤੇ ਫਿਲਮੀ ਟਾਈਟਲ (ਡ੍ਰੀਮ ਗਰਲ ਜਾਂ ਕਿਸ ਗਰਲ) ਦੇ ਬਿਨਾਂ ਆਪਣੀ ਫਿਲਮੀ ਯਾਤਰਾ ਸ਼ੁਰੂ ਕੀਤੀ ਸੀ, ਜਿਸ ਨੇ ਆਪਣੇ ਕੈਰੀਅਰ ਦਾ ਸ਼ੁਭ ਆਰੰਭ ਆਰਟ ਫਿਲਮਾਂ ਤੋਂ ਕੀਤਾ ਸੀ, ਜਿਸ ਦੀਆਂ ਆਰੰਭਿਕ ਫਿਲਮਾਂ ਵਿਚ ਉਸ ਦੇ ਸਹਿ-ਯਾਤਰੀ ਘਟ ਪ੍ਰਸਿਧੀ ਪ੍ਰਾਪਤ ਨਿਰਦੇਸ਼ਕ ਅਤੇ ਅਭਿਨੇਤਾ ਬਣੇ ਸਨ, ਉਹ ਦੇਖਦੇ ਦੇਖਦੇ ਹਰ ਪਾਸੇ ਛਾ ਜਾਏਗੀ, ਇਸ ਬਾਰੇ ਕਦੋਂ ਕਿਸੇ ਨੇ ਸੋਚਿਆ ਸੀ। ਬੱਚਿਆਂ ਦੀ ਇਕ ਫਿਲਮ 'ਚਰਣ ਦਾਸ ਚੋਰ' ਵਿਚ ਇਕ ਝਲਕ ਦਿਖਾਉਣ ਵਾਲੀ ਅਤੇ 'ਨਿਸ਼ਾਂਤ', 'ਮੰਥਨ' ...

ਬਿੰਦੂ ਫ਼ਿਲਮ 'ਪੈਗ਼ਾਮ' 'ਚ

'ਸਿਤਾਰਿਆਂ ਦੇ ਨਖਰੇ ਮੈਂ ਸਹਿ ਨਹੀਂ ਸਕਦਾ'

ਮਨਮੋਹਨ ਦੇਸਾਈ

?—ਤੁਹਾਡੀਆਂ ਫਿਲਮਾਂ ਵਿਚ ਵਡੇ-ਵਡੇ ਸਿਤਾਰੇ ਜ਼ਰੂਰ ਹੁੰਦੇ ਹਨ। ਕੀ ਮਨੋਰੰਜਨ ਵਡੇ ਸਟਾਰਾਂ ਦੀ ਕਾਸਟ ਦੇ ਬਿਨਾਂ ਸੰਭਵ ਨਹੀਂ?

—ਨਿਸ਼ਚੇ ਹੀ ਸੰਭਵ ਹੈ। ਨਵੇਂ ਅਭਿਨੇਤਾਵਾਂ ਦੇ ਨਾਲ ਨਿਰਮਿਤ ਫਿਲਮ ਵੀ ਮਨੋਰੰਜਨ ਫਿਲਮ ਹੋ ਸਕਦੀ ਹੈ। 'ਦੁਲਹਨ ਵਹੀ ਜੋ ਪੀਆ ਮਨ ਭਾਏ' ਇਸ ਦਾ ਇਕ ਉਦਾਹਰਣ ਹੈ। ਪਰ ਮੇਰੇ ਦਿਮਾਗ ਵਿਚ ਜਿਸ ਪੱਧਰ ਦੇ ਮਨੋਰੰਜਨ ਦੀ ਰੂਪ-ਰੇਖਾ ਹੁੰਦੀ ਹੈ, ਉਹ ਚੋਟੀ ਦੇ ਸਿਤਾਰਿਆਂ ਦੇ ਨਾਲ ਹੀ ਸੰਭਵ ਹੋ ਸਕਦੀ ਹੈ। ਅਜਿਹੇ ਸਿਤਾਰਿਆਂ ਦੇ ਨਾਲ ਜਿਨ੍ਹਾਂ ਵਿਚ ਜਨ-ਸਾਧਾਰਨ ਲਈ ਪਹਿਲਾਂ ਤੋਂ ਹੀ ਖਿਚ ਮੌਜੂਦ ਹੋਵੇ। ਮੇਰੀ ਫਿਲਮ ਦੀ ਤਿਆਰੀ ਦੀ ਲਾਗਤ ਕਰੋੜਾਂ ਦੀ ਸੀਮਾਂ ਨੂੰ ਛੂੰਹਦੀ ਹੈ ਅਤੇ ਮੈਨੂੰ ਇਸ ਗੱਲ ਦਾ ਵਿਸ਼ੇਸ਼ ਧਿਆਨ ਰਖਣਾ ਪੈਂਦਾ ਹੈ ਕਿ ਘਟ ਤੋਂ ਘਟ ਸਮੇਂ ਵਿਚ ਸਾਰੀ ਪੂੰਜੀ ਕੁਝ ਲਾਭ ਸਹਿਤ ਵਾਪਸ ਆ ਜਾਏ।

?—ਅੱਛਾ, ਇਹ ਦਸੋ ਕਿ ਤੁਹਾਨੂੰ ਹਰ ਵਾਰ ਸਟਾਰਜ਼ ਬਦਲਣ ਤੇ ਇਕ ਦੇ ਸਥਾਨ ਤੇ ਦੂਜੇ ਨੂੰ ਰਖਣ ਦੀ ਆਦਤ ਕਿਉਂ ਹੈ?

... ਉਸ ਦੇ ਨਸੀਬ ਵਿਚ ਨਹੀਂ ਸੀ, ਕਿਸਮਤ ਤੇ ਕਿਸ ਦਾ ਵਸ ਚਲਦਾ ਹੈ? ਸ਼ਤਰੂਘਨ ਸਿਨਹਾ ਮੇਰੇ ਤੇ ਅੰਧਾ ਧੁੰਦ ਵਿਸ਼ਵਾਸ ਕਰਦੇ ਹਨ। ਮੈਂ ...

... ਨੂੰ ਮੇਰੇ ਨਿਸ਼ਚੇ ਨਾਲ ਸਹਿਮਤੀ ਸੀ। ਛੇਤੀ ਹੀ ਉਹ ਮੇਰੀ ਕਿਸੇ ਹੋਰ ਫਿਲਮ ਵਿਚ ਕੰਮ ਕਰਦੇ ਦਿਖਾਈ ਦੇਣਗੇ।

?—ਅਕਸਰ ਸਟਾਰ ਸੈਟ ਤੇ ...

—ਬਸ਼ੀਕਾਂਤ ਵਰਮਾ

ਫ਼ਿਲਮੀ ਕਹਾਣੀ

ਬੀਵੀ–ਓ–ਬੀਵੀ

ਵਿਚਾਰਾ ਚੰਦਰ (ਰਣਧੀਰ ਕਪੂਰ) ਜਿਉਤਿਸ਼ ਵਿਦਿਆ ਦੇ ਅਨੁਸਾਰ ਮੰਗਲ ਰਾਸ਼ੀ ਵਿਚ ਪੈਦਾ ਹੋਇਆ ਸੀ। ਵਿਸ਼ੇਸ਼ ਕਰਕੇ ਭਾਰਤੀ ਇਸ ਵਿਚ ਬਹੁਤ ਵਿਸ਼ਵਾਸ ਰਖਦੇ ਹਨ। ਇਸ ਲਈ ਉਸ ਦੇ ਵਿਆਹ ਲਈ ਜ਼ਰੂਰੀ ਸੀ ਕਿ ਉਸ ਦੀ ਹੋਣ ਵਾਲੀ ਬੀਵੀ ਵੀ ਮੰਗਲ ਰਾਸ਼ੀ ਵਿਚ ਪੈਦਾ ਹੋਈ ਹੋਵੇ।

ਆਪਣੇ ਇਲਾਕੇ ਵਿਚ ਚੰਦਰ ਜਦ ਆਪਣੇ ਲਈ ਮੰਗਲੀਕ ਪਤਨੀ ਲੱਭਣ ਵਿਚ ਅਸਫਲ ਰਿਹਾ ਤਾਂ ਉਸ ਦਾ ਦੋਸਤ ਰਫੂਤ (ਦੇਵਨ ਵਰਮਾ) ਉਸ ਨੂੰ ਆਪਣੇ ਨਾਲ ਬੰਬਈ ਵਿਚ ਚੰਦਰ ਨੂੰ ਇਕ ਥੇਟਰ ਵਿਚ ਗਾਇਕ ਦਾ ਕੰਮ ਮਿਲ ਗਿਆ। ਨਿਸ਼ਾ (ਸਿਮੀ ਗਰੇਵਾਲ) ਉਸ ਥੇਟਰ ਦੀ ਮਾਲਕਿਨ ਸੀ। ਉਸ ਨੂੰ ਚੰਦਰ ਦੇ ਹਾਲਾਤ ਜਾਣ ਕੇ ਉਸ ਨਾਲ ਹਮਦਰਦੀ ਹੋ ਗਈ।

ਥੇਟਰ ਵਿਚ ਚੰਦਰ ਦੀ ਮੁਲਾਕਾਤ ਆਸ਼ਾ (ਪੂਨਮ ਢਿਲੋਂ) ਨਾਮੀ ਸਟੂਡੈਂਟ ਨਾਲ ਹੋ ਗਈ। ਆਸ਼ਾ ਅਤੇ ਚੰਦਰ ਇਕ ਦੂਜੇ ਵਲ ਖਿਚੇ ਗਏ। ਨਿਸ਼ਾ ਨੂੰ ਜਦ ਇਹ ਪਤਾ ਲਗਾ ਤਾਂ ਉਹ ਉਨ੍ਹਾਂ ਦੇ ਪਿਆਰ ਵਿਚ ਸਹਾਇਕ ਬਣ ਗਈ।

ਆਸ਼ਾ ਇਕ ਰਿਟਾਇਰਡ ਆਰਮੀ ਅਫਸਰ ਕਰਨਲ ਮੰਗਲ ਸਿੰਘ (ਸੰਜੀਵ ਕੁਮਾਰ) ਦੀ ਇਕਲੌਤੀ ਲੜਕੀ ਹੈ। ...

ਹੈ ਕਿ ਆਸ਼ਾ ਦੀ ਸ਼ਾਦੀ ਕੈਪਟਨ ਦੇ ਨਾਲ ਤਹਿ ਕਰ ਦੇਵੇਗਾ।

ਆਸ਼ਾ ਕਿਉਂਕਿ ਚੰਦਰ ਨੂੰ ਪਿਆਰ ਕਰਦੀ ਹੈ ਅਤੇ ਆਪਣੇ ਪਿਤਾ ਦੇ ਸੁਭਾਅ ਦੇ ਕਾਰਣ ਉਹ ਉਹਨਾ ਨਾਲ ਇਸ ਵਿਸ਼ੇ ਬਾਰੇ ਗਲ ਕਰਨ ਦਾ ਹੌਸਲਾ ਨਹੀਂ ਰਖਦੀ। ਇਸ ਲਈ ਉਹ ਕੈਪਟਨ ਨੂੰ ਮਿਲਕੇ ਆਪਣੀ ਪੂਰੀ ਰਾਮ ਕਹਾਣੀ ਸੁਣਾ ਦਿੰਦੀ ਹੈ। ਕੈਪਟਨ (ਗੌਤਮ ਸਰੀਨ) ਇਕ ਸੁਲਝਿਆ ਹੋਇਆ ਨੌਜਵਾਨ ਹੋਣ ਦੇ ਨਾਤੇ ਆਸ਼ਾ ਦੀ ਸਹਾਇਤਾ ਕਰਨ ਦੀ ਹਾਮੀ ਭਰ ਲੈਂਦਾ ਹੈ ਤੇ ਉਹ ਅਜਿਹਾ ਚਕਰ ਚਲਾਉਂਦਾ ਹੈ ਕਿ ਚੰਦਰ ਨੂੰ ਮਿਲਟਰੀਮੈਨ ਦੇ ਤੌਰ ਤੇ ਮੰਗਲ ਸਿੰਘ ਨਾਲ ਮਿਲਾਉਂਦਾ ਹੈ। ...

ਕਿਸੇ ਦੇ ਸਮਝਾਉਣ ਤੇ ਅਸਾਨੀ ਨਾਲ ਸਮਝ ਜਾਏ। ਉਹ ਗੁਸੇ ਹੋ ਕੇ ਨਿਸ਼ਾ ਨੂੰ ਘਰੋਂ ਚਲੇ ਜਾਣ ਦਾ ਆਦੇਸ਼ ਦੇ ਦਿੰਦਾ ਹੈ।

ਨਿਸ਼ਾ ਆਪਣੀ ਸਕੱਤਰ ਟੀਨਾ (ਸੰਗੀਤਾ ਬਾਲੀ) ਦੇ ਨਾਲ ਮੰਗਲ ਸਿੰਘ ਨੂੰ ਮਿਲਣ ਗਈ ਸੀ। ਮੰਗਲ ਸਿੰਘ ਨੂੰ ਦੇਖ ਕੇ ਟੀਨਾ ਨੂੰ ਇਕ ਜ਼ਬਰਦਸਤ ਝਟਕਾ ਲਗਾ ਕਿਉਂਕਿ ਮੰਗਲ ਸਿੰਘ ਦੀ ਸ਼ਕਲ ਉਸ ਦੇ ਪ੍ਰੇਮੀ ਸ਼ੰਕਰ (ਸੰਜੀਵ ਕੁਮਾਰ) ਨਾਲ ਬਹੁਤ ਮਿਲਦੀ ਹੈ। ਸ਼ੰਕਰ ਛੋਟਾ-ਮੋਟਾ ਚੋਰ ਹੈ ਜੋ ਗੁਜ਼ਾਰੇ ਲਈ ਇਧਰ-ਉਧਰ ਹਥ-ਪੈਰ ਮਾਰ ਲੈਂਦਾ ਹੈ।

ਕਰਨਲ ਮੰਗਲ ਸਿੰਘ ਦੇ ਇਸ ਹੰਗਾਮੇ ਦੇ ਕਾਰਨ ਉਸ ਦੀ ਮਾਂ ਬਹੁਤ ਦੁਬਿਧਾ ਵਿਚ ਪੈ ਜਾਂਦੀ ਹੈ। ਉਹ ਆਸ਼ਾ ਦੀ ਖੁਸ਼ੀ ਦੀ ਖਾਤਿਰ ਕੁਝ ਵੀ ਕਰ ਸਕਦੀ ਸੀ ਪਰ ਫਿਰ ਵੀ ਉਹ ਆਸ਼ਾ ਦੀ ਜਨਮ ਕੁੰਡਲੀ ਕਢਵਾਉਂਦੀ ਹੈ ਤੇ ਪਤਾ ਲਗਦਾ ਹੈ ਕਿ ਆਸ਼ਾ ਵੀ ਮੰਗਲੀਕ ਹੈ। ਬਸ ਫਿਰ ਕੀ ਸੀ, ਮੰਗਲੀਕ ਆਸ਼ਾ ਤੇ ਚੰਦਰ ਨੂੰ ਮਿਲਣੋਂ ਕਿਵੇਂ ਰੋਕਿਆ ਜਾ ਸਕਦਾ ਸੀ। ਮੰਗਲ ਸਿੰਘ ਦੀ ਮਾਂ ਇਹ ਜਾਣ ਕੇ ਚੰਦਰ ਦਾ ਪੱਖ ਲੈਂਦੀ ਹੈ ਕੇ ਮਾਂ ਦੇ ਸਾਹਮਣੇ ਮੰਗਲ ਸਿੰਘ ਦਾ ਬੋਲਣਾ ਬੰਦ ਹੋ ਜਾਂਦਾ ਹੈ। ...

ਮੰਗਲ ਸਿੰਘ ਇਸੇ ਵਿਚਾਰ ਨਾਲ ਆਪਣੀ ਲੜਕੀ ਆਸ਼ਾ ਨੂੰ ਆਪਣੇ ਨਾਲ ਕਸ਼ਮੀਰ ਲੈ ਜਾਂਦਾ ਹੈ। ਉਥੇ ਉਸ ਦਾ ਪੁਰਾਣਾ ਦੋਸਤ ਕਰਨਲ ਹਰੀ ਰਹਿੰਦਾ ਹੈ। ਕਰਨਲ ਹਰੀ ਦਾ ਇਕ ਲੜਕਾ ਹੈ ਕੈਪਟਨ ਜੋ ਕਿ ਕਸ਼ਮੀਰ ਵਿਚ ਆਪਣੀ ਡਿਊਟੀ ਕਰ ਰਿਹਾ ਹੈ। ਮੰਗਲ ਸਿੰਘ ਦੀ ਕਸ਼ਮੀਰ ਜਾਣ ਦੀ ਯੋਜਨਾ ਇਹੀ ...

ਚੰਦਰ ਬੰਬਈ ਪਹੁੰਚਦਾ ਹੈ ਤੇ ਆਪਣੀ ਮਾਲਕਿਨ ਨਿਸ਼ਾ ਨੂੰ ਸਾਰੀ ਕਹਾਣੀ ਸੁਣਾਉਂਦਾ ਹੈ। ਨਿਸ਼ਾ ਉਸ ਨੂੰ ਹੌਸਲਾ ਦਿੰਦੀ ਹੈ ਤੇ ਆਪ ਵਿਗੜੀ ਕਹਾਣੀ ਨੂੰ ਬਨਾਉਣ ਦਾ ਯਤਨ ਕਰਦੀ ਹੈ। ਉਹ ਕਰਨਲ ਮੰਗਲ ਸਿੰਘ ਨੂੰ ਮਿਲਣ ਜਾਂਦੀ ਹੈ ਤੇ ਉਸ ਨੂੰ ਸਮਝਾਉਂਦੀ ਹੈ ਪਰ ਉਹ ਮੰਗਲ ਸਿੰਘ ਹੀ ਕੀ, ਜੋ ...

ਵਿਨੋਦ ਖੰਨਾ ਫਿਰ ਦੌੜ 'ਚ ਸ਼ਾਮਲ

ਵਿਨੋਦ ਦਾ ਠੰਡਾ, ਦਰਮਿਆਨ ਵਿਚ ਰਹਿਣ ਵਾਲਾ, ਸੁਭਾਅ ਕਦੀ ਵੀ ਉਚਾ ਸ਼ੋਰ ਮਚਾਉਣ ਵਾਲੇ ਫਿਲਮੀ ਸਿਤਾਰਿਆਂ ਨਾਲ ਮੇਲ ਨਹੀਂ ਸੀ ਖਾਂਦਾ। 'ਉਹ ਬਹੁਤ ਵਡਾ ਹੈ।' ਉਸਦੇ ਇਕ ਦੋਸਤ ਨੇ ਕਿਹਾ ਸੀ। ਵਡਾ ਇਸ ਕਰਕੇ ਨਹੀਂ ਕਿ ਉਹ ਰਾਜੇਸ਼ ਖੰਨਾ ਵਰਗਿਆਂ ਨਾਲ ਮੁਕਾਬਲਾ ਕਰਦਾ ਸੀ, ਸਗੋਂ ਵਡਾ ਇਸ ਕਰਕੇ ਸੀ ਕਿ ਚੋਟੀ ਦਾ ਸਟਾਰ ਹੋਣ ਦੇ ਉਪਰੰਤ ਵੀ ਉਸ ਨੇ ਕਦੀ ਅਪਣੇ ਆਪ ਨੂੰ ਵਡਾ ਨਹੀਂ ਕਿਹਾ। 'ਕੁਰਬਾਨੀ' ਦੀ ਸਫਲਤਾ ਪਿਛੋਂ ਜੇ ਹੁਣ ਉਹ ਫਿਲਮਾਂ ਵਿਚ ਹੀ ਰਹਿਣਾ ਚਾਹੁੰਦਾ ਹੈ ਤਾਂ ਇਸ ਨਾਲ ਕਿਸੇ ਦਾ ਕੀ ਵਿਗੜ ਦੂਖਦਾ ਹੈ। ਤੁਸੀਂ ਹੈਰਾਨ ਹੋਵੋਗੇ ਕਿ ਉਹ ਅਜ ਕਲ ਏਨਾ ਸੁੰਦਰ ਕਿਉਂ ਦਿਖਾਈ ਦੇ ਰਿਹਾ ਹੈ, ਸਿਰਫ ਇਸ ਕਰਕੇ ਕਿ ਉਹ ਇਸ ਧੂਹੇ-ਦੌੜ ਵਿਚੋਂ ...

ਟੈਂਡਰ ਨੋਟਿਸ

ਡਾਇਰੈਕਟਰ ਸਟੇਟ ਟਰਾਂਸਪੋਰਟ ਪੰਜਾਬ ਦੀਆਂ 31 ਮਈ 81 ਤਕ ਚੰਗ ਸਪੈਸੀਫੀਕੇਸ਼ਨਾਂ, ਨਿਯਮ ਅਤੇ ਸ਼ਰਤਾਂ ਵਗੈਰਾ ਦੇ ਮੁਤਾਬਕ ਹੇਠ ਲਿਖੀਆਂ ਕਿਸਮਾਂ ਦੀਆਂ ਬਸ-ਬਾਡੀਆਂ ਅਤੇ ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ ਵਲੋਂ ਮਨਜ਼ੂਰ ਸ਼ੁਦਾ ਡਿਜ਼ਾਈਨ ਦੀਆਂ ਸੀਟਾਂ ਬਨਾਉਣ ਦੇ ਲਈ ਕਮਿਸ਼ਨਰ ਮਿਉਂਸਪਲ ਕਾਰਪੋਰੇਸ਼ਨ ਲੁਧਿਆਣਾ ਵਲੋਂ ਮੋਹਰਬੰਦ ਟੈਂਡਰ ਮੰਗੇ ਜਾਂਦੇ ਹਨ।

1. ਪੂਰੀਆਂ ਲੋਹੇ ਦੀਆਂ ਬਾਡੀਆਂ ਲੇਲੈਂਡ ਕੋਮੇਟ/ਚੀਤਾ (Cheetah) ਚੈਸੀਜ਼ ਤੇ ਲੋਕਲ ਟਾਈਪ 35 ਸੀਟਾਂ ਦੀ ਸਮਰਥਾ ਅਤੇ 60% ਰੀਅਰ ਓਵਰਹੈਂਗ ਵਾਲੀਆਂ।

2. ਸਾਰੀਆਂ ਲੋਹੇ ਦੀਆਂ ਬਾਡੀਆਂ ਲੇਲੈਂਡ ਕੋਮੇਟ/ਚੀਤਾ ਚੈਸੀਆਂ ਤੇ ਜ਼ਿਲਾ ਟਾਈਪ 54 ਸੀਟਾਂ ਦੀ ਸਮਰਥਾ ਅਤੇ 50% ਰੀਅਰ ਓਵਰਹੈਂਗ ਵਾਲੀਆਂ।

3. ਲੇਲੈਂਡ ਕੋਮੇਟ/ਚੀਤਾ ਚੈਸੀਆਂ ਤੇ ਕੰਪੋਜ਼ਿਟ ਬਸ ਬਾਡੀਆਂ ਲੋਕਲ ਟਾਈਪ 35 ਸੀਟਾਂ ਦੀ ਸਮਰਥਾ ਅਤੇ 60% ਰੀਅਰ ਓਵਰਹੈਂਗ ਵਾਲੀਆਂ।

4. ਲੇਲੈਂਡ ਕੋਮੇਟ/ਚੀਤਾ ਚੈਸੀਆਂ ਤੇ ਜ਼ਿਲਾ ਟਾਈਪ 54 ਸੀਟਾਂ ਦੀ ਸਮਰਥਾ ਅਤੇ 50% ਰੀਅਰ ਓਵਰਹੈਂਗ ਵਾਲੀਆਂ।

ਸ਼ਰਤਾਂ :—

1. ਸਾਰੇ ਟੈਂਡਰਾਂ ਨਾਲ ਬਿਆਨੇ ਦੀ ਰਕਮ ਦੇ ਤੌਰ ਤੇ 1000 ਰੁਪਏ ਦੀ ਡਿਮਾਂਡ ਡਰਾਫਟ ਹੋਣੀ ਚਾਹੀਦੀ ਹੈ।

2. ਸਿਰਫ ਮਾਨਤਾ ਪ੍ਰਾਪਤ ਬਾਡੀ ਬਿਲਡਰਾਂ ਨੂੰ ਹੀ ਦਰਖਾਸਤਾਂ ਦੇਣੀਆਂ ਚਾਹੀਦੀਆਂ ਹਨ।

3. ਟੈਂਡਰ ਵਾਲੇ ਸਾਰੇ ਲਿਫਾਫਿਆਂ ਤੇ ਟੈਂਡਰ ਵਾਰ ਬਾਡੀ ਫੇਬਰੀਕੇਸ਼ਨ, ਡਿਊ ਆਨ 20-4-81 ਲਿਖਿਆ ਹੋਣਾ ਚਾਹੀਦਾ ਹੈ।

4. ਟੈਂਡਰ ਪ੍ਰਾਪਤ ਕਰਨ ਦੀ ਆਖਰੀ ਮਿਤੀ 20-4-81 ਹੈ ਤੇ ਸਮਾਂ 12 ਵਜੇ ਦੁਪਹਿਰ ਤਕ ਦਾ।

5. ਲੇਟ ਮਿਲੇ ਕਿਸੇ ਟੈਂਡਰ ਨੂੰ ਵਿਚਾਰਿਆ ਨਹੀਂ ਜਾਵੇਗਾ।

6. ਟੈਂਡਰਾਂ ਨੂੰ ਸਵੀਕਾਰ ਕਰਨ ਜਾਂ ਰੱਦ ਕਰਨ ਦੇ ਸਾਰੇ ਅਧਿਕਾਰ ਕਮਿਸ਼ਨਰ ਮਿਉਂਸਪਲ ਕਾਰਪੋਰੇਸ਼ਨ ਲੁਧਿਆਣਾ ਪਾਸ ਹਨ।

7. ਕਿਸੇ ਵੀ ਟੈਂਡਰ ਨੂੰ ਬਿਨਾਂ ਕੋਈ ਕਾਰਣ ਦਸਿਆਂ ਸਵੀਕਾਰ ਜਾਂ ਰੱਦ ਕੀਤਾ ਜਾ ਸਕਦਾ ਹੈ।

8. ਸਵੀਕਾਰ ਕੀਤੇ ਟੈਂਡਰ ਸਮਝੌਤੇ ਦੀ ਤਰੀਕ ਤੋਂ ਬਾਦ 6 ਮਹੀਨਿਆਂ ਤਕ ਪੱਕੇ ਰਹਿਣਗੇ।

9. ਟੈਂਡਰ 20 ਅਪਰੈਲ 81 ਨੂੰ ਬਾਰਾਂ ਵਜੇ ਦੁਪਹਿਰ ਨੂੰ ਹਾਜ਼ਰ ਪਾਰਟੀਆਂ ਦੀ ਮੌਜੂਦਗੀ ਵਿਚ ਖੋਹਲੇ ਜਾਣਗੇ।

(ਡੀ. ਡੀ. ਨਈਅਰ)
ਜਨਰਲ ਮੈਨੇਜਰ
ਮਿਉਂਸਪਲ ਕਾਰਪੋਰੇਸ਼ਨ ਟ੍ਰਾਂਸਪੋਰਟ
ਲੁਧਿਆਣਾ

ਨੰ: 1114/ਮਿਤੀ 9.4.81

ਪੰਜਾਬ ਵਿਚ ਖ਼ਾਲਿਸਤਾਨ ਦੀ ਮੰਗ ਕਰਨ ਵਾਲਿਆਂ ਦੀਆਂ ਗ੍ਰਿਫ਼ਤਾਰੀਆਂ ਛੇਤੀ—ਇੰਦਰਾ ਗਾਂਧੀ ਨੇ ਹਰੀ ਝੰਡੀ ਦੇ ਦਿਤੀ

ਥੈਚਰ-ਇੰਦਰਾ ਗੱਲਬਾਤ ਆਰੰਭ
ਰੈਡੀ ਨਾਲ ਵੀ ਭੇਂਟ
ਪਾਕ ਨੂੰ ਅਸਲ੍ਹੇ ਸਬੰਧੀ ਮਤਭੇਦ

ਸ੍ਰੀਮਤੀ ਥੈਚਰ ਦਾ ਨਵੀਂ ਦਿੱਲੀ ਪੁਜਣ ਉਤੇ ਸ਼ਾਨਦਾਰ ਸਵਾਗਤ

ਭਾਰਤ ਤੇ ਬਰਤਾਨੀਆਂ 'ਚ ਸਹਿਯੋਗ ਦੇ ਹੋਰ ਖੇਤਰ ਤੇ ਸਬੰਧ ਪਕੇ ਹੋਣਗੇ-ਥੈਚਰ

ਦੋਵਾਂ ਦੇਸ਼ਾਂ ਵਿਚਾਲੇ ਕਈ ਮਸਲੇ ਮੌਜੂਦ ਆਪਸੀ ਵਿਚਾਰ ਲਾਹੇਬੰਦ ਰਹੇਗਾ-ਇੰਦ੍ਰਾ

ਨਵੀਂ ਦਿਲੀ, 15 ਅਪਰੈਲ—(ਪੀ. ਟੀ. ਆਈ.) ਬਰਤਾਨੀਆ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਨੇ ਭਾਰਤ ਦੇ 5 ਦਿਨਾ ਦੌਰੇ ਤੇ ਨਵੀਂ ਦਿਲੀ ਪੁਜਣ ਪਿਛੋਂ ਭਾਰਤੀ ਨੇਤਾਵਾਂ ਨਾਲ ਗਲਬਾਤ ਸ਼ੁਰੂ ਕਰ ਦਿਤੀ ਹੈ। ਅਜ ਉਹਨਾਂ ਨੇ ਭਾਰਤ ਦੇ ਰਾਸ਼ਟਰਪਤੀ ਸ੍ਰੀ ਸੰਜੀਵਾ ਰੈਡੀ ਨਾਲ ਭੇਂਟ ਕੀਤੀ। ਇਸ ਪਿਛੋਂ ਉਹਨਾਂ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨਾਲ ਵਿਚਾਰ ਵਟਾਂਦਰਾ ਕੀਤਾ। ਅਜ ਦੀ ਮੀਟਿੰਗ ਚ ਆਪਸੀ ਹਿਤਾਂ ਦੇ ਮਾਮਲਿਆਂ ਤੋਂ ਇਲਾਵਾ ਅੰਤਰ ਰਾਸ਼ਟਰੀ ਮਾਮਲਿਆਂ ਬਾਰੇ ਵੀ ਵਿਚਾਰ ਕੀਤਾ ਗਿਆ। ਪਤਾ ਲਗਾ ਹੈ ਕਿ ਅਜ ਦੀ ਮੀਟਿੰਗ ਚ ਆਪਸੀ ਹਿਤਾਂ ਤੇ ਇਲਾਵਾ ਅੰਤਰ-ਰਾਸ਼ਟਰੀ ਮਾਮਲਿਆਂ ਤੇ ਵਿਚਾਰ ਕੀਤਾ ਗਿਆ। ਅਮ੍ਰੀਕਾ ਵਲੋਂ ਪਾਕ ਨੂੰ ਮਸਲੇ ਦੀ ਸਪਲਾਈ, ਹਿੰਦ ਸਾਗਰ ਚ ਬਦੇਸ਼ੀ ਫੌਜੀ ਤਾਕਤ ਚ ਵਾਧੇ, ਅਫਗਾਨਿਸਤਾਨ ਦੀ ਸਥਿਤੀ ਬਾਰੇ ਵੀ ਸੰਚ ਵਿਚਾਰ ਹੋਇਆ। ਇਸ ਤੋਂ ਪਹਿਲਾਂ ਅਜ ਬਰਤਾਨੀਆ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਦਾ ਦਿਲੀ ਪੁਜਣ ਤੇ ਬੜਾ ਸ਼ਾਨਦਾਰ ਤੇ ਨਿਘਾ ਸਵਾਗਤ ਕੀਤਾ ਗਿਆ। ਉਨ੍ਹਾਂ ਦੇ ਸਵਾਗਤ ਲਈ ਹਵਾਈਅੱਡੇ ਤੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੂਸਰੇ ਕੇਬਨਿਟ ਮੰਤਰੀ ਭਾਰੀ ਗਿਣਤੀ ਵਿਚ ਪਾਰਲੀਮੈਂਟ ਮੈਂਬਰ ਤੇ ਡਿਪਲੋਮੇਟ ਮੌਜੂਦ ਸਨ। ਪ੍ਰਧਾਨ ਮੰਤਰੀ ਥੈਚਰ ਉਂਝ ਤਾ ਤੀਸਰੀ ਵਾਰ ਭਾਰਤ ਆਏ ਹਨ ਪਰ ਪ੍ਰਧਾਨ ਮੰਤਰੀ ਬਨਣ ਪਿਛੋਂ ਇਹ ਉਹਨਾਂ ਦਾ ਪਹਿਲਾ ਸਰਕਾਰੀ ਦੌਰਾ ਹੈ। ਉਹਨਾਂ ਦੇ ਨਾਲ 29 ਮੈਂਬਰੀ ਟੀਮ ਵਿਚ ਮਿਸਟਰ ਡੇਨਿਸ ਥੈਚਰ (ਪਤੀ) ਅਤੇ ਲੜਕੀ ਮਿਸ ਕਾਰੋਲ ਥੈਚਰ ਵੀ ਆਏ ਹਨ। ਸ੍ਰੀਮਤੀ ਥੈਚਰ ਦਾ ਹਵਾਈ ਜਹਾਜ਼ 40 ਮਿੰਟ ਲੇਟ ਪੁਜਾ। ਜਿਸ ਸਮੇਂ ਸ੍ਰੀਮਤੀ ਥੈਚਰ ਪਾਲਮ ਏਅਰ ਫੋਰਸ ਦੇ ਜੇਟ ਹਵਾਈ ਜਹਾਜ਼ ਵਿਚੋਂ ਉਤਰੇ ਤਾਂ ਸ੍ਰੀਮਤੀ ਗਾਂਧੀ ਨੇ ਉਹਨਾਂ ਨਾਲ ਬੜੀ ਗਰਮਜੋਸ਼ੀ ਨਾਲ ਹਥ ਮਿਲਾਇਆ। ਦੁਨੀਆਂ ਦੀਆਂ ਦੋ ਲੌਹ ਪ੍ਰਧਾਨ ਮੰਤਰੀਆਂ ਦੀ ਇਹ ਮਿਲਣੀ ਬੜੀ ਮਹਤਵ ਪੂਰਨ ਸਮਝੀ ਜਾਂਦੀ ਹੈ। ਸ੍ਰੀਮਤੀ ਥੈਚਰ ਨੇ ਆਪਣੇ ਪਹਿਲੇ ਬਿਆਨ ਵਿਚ ਕਿਹਾ ਕਿ ਮੇਰੇ ਲਈ ਅਜ ਦਾ ਦਿਨ ਬੜਾ ਖੁਸ਼ੀ ਭਰਿਆ ਹੈ ਕਿ ਇਕ ਗੌਰਵਮਈ ਅਤੇ ਸ਼ਾਨਦਾਰ ਦੇਸ਼ ਵਿਚ ਆਈ ਹਾਂ। ਇਹ ਬਹੁਤ ਅਦਭੁਤ ਗਲ ਹੈ, ਬਹੁਤ ਹੀ ਪ੍ਰਸ਼ੰਸਾਭਰੀ। ਪ੍ਰਧਾਨ ਮੰਤ੍ਰੀ ਸ੍ਰੀਮਤੀ ਗਾਂਧੀ ਨੇ ਇਸ ਦੇ ਉਤਰ ਵਿਚ ਕਿਹਾ ਕਿ ਮਾਦਾਮ ਥੈਚਰ ਅਜ ਨਵੀਂ ਹੈਸੀਅਤ ਚ ਪ੍ਰਧਾਨ ਮੰਤਰੀ ਦੇ ਤੌਰ ਤੇ ਇਥੇ ਆਏ ਹਨ। ਸ੍ਰੀਮਤੀ ਥੈਚਰ ਨੇ ਕਿਹਾ ਕਿ ਭਾਰਤ ਅਤੇ ਬਰਤਾਨੀਆਂ ਹਮੇਸ਼ਾਂ ਜਮਹੂਰੀਅਤ, ਅਮਨ ਅਤੇ ਅਜਾਦੀ ਦੇ ਹਾਮੀ ਰਹੇ ਹਨ। ਦੋਵਾਂ ਦੀਆਂ ਸਾਂਝੀਆਂ ਕਦਰਾਂ ਕੀਮਤਾਂ ਹਨ ਤੇ ਸਿਧਾਂਤਕਤੌਰ ਤੇ ਅਮਨ ਅਤੇ ਸੁਤੰਤਰਤਾ ਲਈ ਵਚਨ ਬਧ ਹਨ। ਇਸ ਪ੍ਰਕਾਰ ਦੋਵਾਂ ਦੇਸ਼ਾਂ ਤੇ ਅੰਤਰ ਰਾਸ਼ਟਰੀ ਮਾਮਲਿਆਂ ਬਾਰੇ ਵਿਸ਼ੇਸ਼ ਜ਼ੁਮੇਂਵਾਰੀ ਹੈ। ਇਹ ਪੰਡਿਤ ਨਹਿਰੂ ਹੀ ਸਨ ਜਿਹਨਾਂ ਨੇ ਸਭ ਤੋਂ ਪਹਿਲਾਂ ਪੰਚਸ਼ੀਲ ਸਾਂਝ ਪੂਰਵਕ ਸਹਿ ਹੋਂਦ ਲਈ ਪੰਜ ਅਸੂਲ ਅਪਣਾਏ ਸਨ। ਹੁਣ ਉਹ ਸ੍ਰੀਮਤੀ ਇੰਦਰਾ ਗਾਂਧੀ ਨਾਲ ਇਸ ਗਲ ਤੇ ਵਿਚਾਰ ਕਰਨ ਲਈ ਉਤਸੁਕ ਹਨ ਕਿ ਦੋਵੇਂ ਦੇਸ਼ ਝਗੜਿਆਂ ਦੇ ਕਾਰਨਾਂ ਤੇ ਕਿਵੇਂ ਕਾਬੂ ਪਾ ਸਕਦੇ ਹਨ। ਸ੍ਰੀਮਤੀ ਗਾਂਧੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਕਈ ਸਮਸਿਆਵਾਂ ਹਨ, ਪਰ ਉਹਨਾਂ ਨੂੰ ਆਸ ਹੈ ਕਿ ਇਸ ਦੌਰੇ ਨਾਲ ਦੋਵੇਂ ਇਕ ਦੂਸਰੇ ਨੂੰ ਚੰਗੀ ਤਰ੍ਹਾਂ ਸਮਝ ਸਕਣਗੇ ਅਤੇ ਸਹਿਯੋਗ ਦੇ ਨਵੇਂ ਖੇਤਰ ਪੈਦਾ ਹੋਣਗੇ। ਹਵਾਈ ਅੱਡਾ ਦੋਵਾਂ ਦੇਸ਼ਾਂ ਦੇ ਸ਼ਾਨਦਾਰ ਝੰਡਿਆਂ ਅਤੇ ਫੁਲਾਂ ਨਾਲ ਸਜਿਆ ਹੋਇਆ ਸੀ। ਸਕੂਲ ਦੇ ਬਚਿਆਂ ਨੇ ਸ੍ਰੀਮਤੀ ਥੈਚਰ ਨੂੰ ਗੁਲ-ਦਸਤੇ ਭੇਂਟ ਕੀਤੇ। ਸ੍ਰੀਮਤੀ ਥੈਚਰ ਨੇ ਕਾਲੀ ਤੇ ਚਿਟੀ ਟਿਪਕੜਿਆਂ ਵਾਲੀ ਪੁਸ਼ਾਕ ਅਤੇ ਹਥਾਂ ਤੇ ਸਫੇਦ ਦਸਤਾਨੇ ਪਾਏ ਹੋਏ ਸਨ। ਅੰਤਰ ਸਰਵਿਸ ਗਾਰਡ ਆਫ ਆਨਰ ਦਾ ਮੁਆਇਨਾ ਕੀਤਾ। ਇਸ ਪਿਛੋਂ ਉਹਨਾਂ ਦਾ ਪਤ-ਵੰਤਿਆਂ ਨਾਲ ਜਾਣ ਪਹਿਚਾਣ ਕਰਾਈ ਗਈ। ਸਰਕਾਰੀ ਰਸਮਾਂ ਰਿਵਾਜਾਂ ਪਿਛੋਂ ਸ੍ਰੀਮਤੀ ਥੈਚਰ ਸ੍ਰੀਮਤੀ ਗਾਂਧੀ ਨਾਲ ਕਾਰ ਤੇ ਰਾਸ਼ਟਰਪਤੀ ਭਵਨ ਚਲੇ ਗਏ। ਦਿਲੀ ਪੁਜਣ ਪਿਛੋਂ ਸ੍ਰੀਮਤੀ ਥੈਚਰ ਨੇ ਭਾਰਤੀ ਨੇਤਾਵਾਂ ਨਾਲ ਕਈ ਮਸਲਿਆਂ ਤੇ ਵਿਚਾਰ ਵਟਾਂਦਰਾ ਸ਼ੁਰੂ ਕਰ ਦਿਤਾ ਹੈ। ਸ੍ਰੀਮਤੀ ਥੈਚਰ ਅਜ ਇਥੇ ਪਹੁੰਚਣ ਤੋਂ ਥੋੜੀ ਦੇਰ ਪਿਛੋਂ ਰਾਸ਼ਟਰਪਤੀ ਸ੍ਰੀ ਸੰਜੀਵਾ ਰੈਡੀ ਨੂੰ ਮਿਲਣ ਗਏ। ਇਹ ਮੀਟਿੰਗ ਲਗਪਗ ਅਧਾ ਘੰਟਾ ਜਾਰੀ ਰਹੀ। ਸ੍ਰੀ ਰੈਡੀ ਨੇ

(ਬਾਕੀ ਸਫਾ 5 ਤੇ ਕਾਲਮ 3)

ਲੋੜ ਪੈਣ ਉਤੇ ਹੋਰ ਪ੍ਰਮਾਣੂ ਧਮਾਕਾ ਕੀਤਾ ਜਾਵੇਗਾ-ਬੁਲਾਰਾ

ਹਿੰਦ ਕੋਈ ਅਮ੍ਰੀਕੀ ਸ਼ਰਤ ਨਹੀਂ ਮੰਨੇਗਾ

ਵਾਸ਼ਿੰਗਟਨ, 15 ਅਪ੍ਰੈਲ—(ਪੀ.ਟੀ.ਆਈ.) ਭਾਰਤ ਦੇ ਬਦੇਸ਼ ਸਕਤਰ ਸ੍ਰੀ ਐਰਿਕ ਗੋਂਸਲਵੇਜ਼ ਅਤੇ ਅਮ੍ਰੀਕੀ ਅਧਿਕਾਰੀਆਂ ਵਿਚ ਹੋਣ ਵਾਲੀ ਗਲਬਾਤ ਦੌਰਾਨ ਮੁਖ ਤੌਰ ਤੇ ਪ੍ਰਮਾਣੂ ਵਿਸ਼ਾ ਵਿਚਾਰਿਆ ਜਾਏਗਾ। ਇਹ ਪ੍ਰਗਟਾਵਾ ਇਥੋਂ ਦੇ ਰਾਜਨੀਤਕ ਅਤੇ ਪ੍ਰਸਾਸਨਕ ਸੂਤਰਾਂ ਨੇ ਕੀਤਾ ਹੈ। ਸ੍ਰੀ ਗੋਂਸਲਵੇਜ਼ ਹੋਰ ਅਧਿਕਾਰੀਆਂ ਤੋਂ ਇਲਾਵਾ ਕਲ ਬਦੇਸ਼ ਮੰਤਰੀ ਸ੍ਰੀ ਐਲਗਜ਼ੰਡਰ ਹੇਗ ਨਾਲ ਭੇਂਟ ਕਰਨਗੇ। ਉਨ੍ਹਾਂ ਦੇ ਨਾਲ ਪ੍ਰਮਾਣੂ ਊਰਜਾ ਕਮਿਸ਼ਨ ਦੇ ਚੇਅਰਮੈਨ ਡਾ: ਹੋਮੀ ਸੇਠਨਾ ਵੀ ਹੋਣਗੇ। ਰਾਜਨੀਤਕ ਸੂਤਰਾਂ ਅਨੁਸਾਰ ਭਾਰਤੀ ਅਧਿਕਾਰੀ ਇਸ ਗਲ ਨੂੰ ਯਕੀਨੀ ਬਨਾਉਣਗੇ ਕਿ ਅਮ-ਰੀਕਾ ਤਾਰਾਪੁਰ ਪਲਾਂਟ ਲਈ 60 ਟਨ ਪ੍ਰਮਾਣੂ ਬਾਲਣ ਸਪਲਾਈ ਕਰਨ ਦੇ ਸਮਝੌਤੇ ਤੇ ਅਮਲ ਕਰੇ। ਭਾਰਤ ਨੂੰ ਹੁਣ ਤਕ ਕੇਵਲ 19.8 ਟਨ ਬਾਲਣ ਮਿਲਿਆ ਹੈ ਜਦਕਿ ਲਗਪਗ 40 ਟਨ ਹੋਰ ਬਾਲਣ ਰੁਕਿਆ ਪਿਆ ਹੈ। ਇਸਦਾ ਕਾਰਨ ਇਹ ਹੈ ਕਿ ਅਮ੍ਰੀਕੀ ਕਾਂਗ੍ਰਸ ਅਤੇ ਪ੍ਰਸਾਸਨ ਇਸ ਗਲ ਨੂੰ ਯਕੀਨੀ ਬਨਾਉਣਾ ਚਾਹੁੰਦੇ ਹਨ ਕਿ ਭਾਰਤ ਹੋਰ ਪ੍ਰਮਾਣੂ ਧਮਾਕਾ ਨਹੀਂ ਕਰੇਗਾ। ਉਨ੍ਹਾਂ ਨੂੰ ਤੌਖਲਾ ਹੈ ਕਿ ਜੇਕਰ ਭਾਰਤ ਨੇ ਇਕ ਹੋਰ ਪ੍ਰਮਾਣੂ ਧਮਾਕਾ ਕੀਤਾ ਤਾਂ ਇਸ ਨਾਲ ਉਪ ਮਹਾਂਦੀਪ ਦੇ ਦੇਸ਼ਾਂ ਵਿਚ ਧਮਾਕੇ ਕਰਨ ਲਈ ਦੌੜ ਲਗ ਜਾਏਗੀ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪਾਕਿਸਤਾਨ ਬਹੁਤ ਛੇਤੀ ਇਕ ਪ੍ਰਮਾਣੂ ਧਮਾਕਾ ਕਰਨ ਵਾਲਾ ਹੈ। ਭਾਰਤੀ ਦੂਤਘਰ ਦੇ ਇਕ ਬੁਲਾਰੇ ਨੇ ਸਪਸ਼ਟ ਕੀਤਾ ਹੈ ਕਿ ਭਾਰਤੀ ਵਲੋਂ ਕੋਈ ਹੋਰ ਪ੍ਰਮਾਣੂ ਧਮਾਕਾ ਕਰਨ ਦੀ ਯੋਜਨਾ ਨਹੀਂ ਪਰ ਉਹ ਲੋੜ ਪੈਣ ਤੇ ਕੌਮੀ ਹਿਤਾਂ ਵਿਚ ਧਮਾਕਾ ਕਰਨ ਦੇ ਆਪਣੇ ਅਧਿਕਾਰ ਨੂੰ ਰਾਖਵਾਂ ਰਖਣਾ ਚਾਹੁੰਦਾ ਹੈ। ਸ੍ਰੀ ਗੋਂਸਲਵੇਜ਼ ਹਿੰਦ ਮਹਾਂ ਸਾਗਰ, ਖਾੜੀ ਫਾਰਸ, ਅਫਗਾਨਿਸਤਾਨ ਅਤੇ ਪੋਲੈਂਡ ਦੀ ਸਥਿਤੀ ਬਾਰੇ ਵੀ ਵਿਚਾਰ ਵਟਾਂਦਰਾ ਕਰਨਗੇ।

ਜਥੇਦਾਰ ਤਲਵੰਡੀ ਤੇ 12 ਸਾਥੀ ਦਿੱਲੀ 'ਚ ਗ੍ਰਿਫ਼ਤਾਰੀ ਪਿਛੋਂ ਰਿਹਾ

ਜਥੇ ਵਲੋਂ ਪਾਰਲੀਮੈਂਟ ਨੇੜੇ 'ਸਿਖ ਕੌਮ' ਤੇ 'ਦੇਸ਼ ਪੰਜਾਬ' ਜ਼ਿੰਦਾਬਾਦ ਦੇ ਨਾਅਰੇ-ਮੋਰਚਾ ਸ਼ੁਰੂ

ਇਕ ਲਖ ਗ੍ਰਿਫ਼ਤਾਰੀਆਂ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ

ਯੂ.ਐਨ.ਓ. ਮੈਂਬ੍ਰੀ ਲਈ ਬੇਨਤੀ ਇਸ ਹਫਤੇ

ਨਵੀਂ ਦਿਲੀ, 15 ਅਪ੍ਰੈਲ—(ਯੂ. ਐਨ. ਆਈ.) ਅਕਾਲੀ ਦਲ (ਤਲਵੰਡੀ) ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਅਜ ਪਾਰ-ਲੀਮੈਂਟ ਹਾਊਸ ਦੇ ਨੇੜੇ ਆਪਣੇ 12 ਸਾਥੀਆਂ ਸਮੇਤ ਗ੍ਰਿਫਤਾਰੀ ਦਿਤੀ। ਉਹ

ਮੰਗ ਕਰ ਰਹੇ ਸਨ ਕਿ ਪੰਜਾਬ ਨੂੰ ਵਧੇਰੇ ਖੁਦਮੁਖਤਿਆਰੀ ਦਿਤੀ ਜਾਵੇ, ਸਿਖਾਂ ਨੂੰ ਵਖਰੀ ਕੌਮ ਮੰਨਿਆ ਜਾਵੇ ਅਤੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕੀਤਾ ਜਾਵੇ। ਪੁਲਿਸ ਅਨੁਸਾਰ ਜਥੇਦਾਰ ਤਲਵੰਡੀ ਅਤੇ ਉਹਨਾਂ ਦੇ ਸਾਥੀਆਂ ਨੂੰ ਪਾਰਲੀਮੈਂਟ ਹਾਊਸ ਏਰੀਏ ਵਿਚ ਲਗੀ ਧਾਰਾ 144 ਤੋੜਨ ਤੇ ਗ੍ਰਿਫਤਾਰ ਕੀਤਾ ਗਿਆ ਹੈ। ਦਸਿਆ ਗਿਆ ਹੈ ਕਿ ਜਥੇ ਵਲੋਂ 'ਸਿਖ ਕੌਮ ਜਿੰਦਾਬਾਦ, ਦੇਸ਼ ਪੰਜਾਬ ਜ਼ਿੰਦਾਬਾਦ' 'ਸਿਖਾਂ ਨਾਲ ਵਿਤਕਰਾ ਖਤਮ ਕਰੋ' ਤੇ 'ਸ਼ਰੋਮਣੀ ਅਕਾਲੀ ਦਲ ਜ਼ਿੰਦਾਬਾਦ' ਆਦਿ ਨਾਅਰੇ ਲਗਾਏ ਜਾ ਰਹੇ ਸਨ। ਤਲਵੰਡੀ ਦਲ ਦੀ ਮੰਗ ਹੈ ਕਿ ਉਤਰੀ ਭਾਰਤ ਵਿਚ ਤੁਰੰਤ ਇਕ ਖੁਦਮੁਖਤਿਆਰੀ ਸੂਬਾ ਬਣਾਇਆ ਜਾਵੇ ਜਿਥੇ ਕਿ ਸਿਖ ਹਿਤਾਂ ਦੀ ਰਖਿਆ ਕੀਤੀ ਜਾ ਸਕੇ। ਇਹ ਮੰਗ ਵੀ ਹੈ ਕਿ ਸਿਖਾਂ ਨੂੰ ਯੂ.ਐਨ.ਓ. ਵਿਚ ਪ੍ਰਤੀਨਿਧਤਾ ਦਿਤੀ ਜਾਵੇ। ਤਲਵੰਡੀ ਦਲ ਦੇ ਇਕ ਤਰਜ-ਮਾਨ ਨੇ ਇਥੇ ਪਤਰਕਾਰਾਂ ਨਾਲ ਗਲ-ਬਾਤ ਕਰਦਿਆਂ ਕਿਹਾ ਕਿ ਕਿਉਂਕਿ ਪ੍ਰਧਾਨ ਮੰਤਰੀ ਨੇ ਮੰਗਾਂ ਬਾਰੇ ਗਲਬਾਤ ਕਰਨ ਦੀਆਂ ਬੇਨਤੀਆਂ ਪ੍ਰਵਾਨ ਨਹੀਂ ਕੀਤੀਆਂ ਇਸ ਲਈ ਉਹ ਅੰਦੋਲਨ ਦਾ ਰਸਤਾ ਅਪਨਾਉਣ ਲਈ ਮਜਬੂਰ ਹੋਏ ਹਨ। ਮੰਗੋ ਤੋਂ ਸਾਡੇ ਪਤਰ ਪ੍ਰੇਰਕ ਨੇ ਇਕ ਸੀਨੀਅਰ ਅਕਾਲੀ ਲੀਡਰ ਦੇ ਹਵਾਲੇ ਨਾਲ ਸੂਚਨਾ ਦਿਤੀ ਹੈ ਕਿ

(ਬਾਕੀ ਸਫਾ 5 ਤੇ ਕਾਲਮ 7)

ਪੰਜਾਬ ਇੰਕਾ ਪ੍ਰਧਾਨ ਮਲਵਈ ਸਿਖ ਹੋਵੇ

ਕਾਂਗਰਸ ਹਾਈਕਮਾਨ ਦੇ ਦਰਸ਼ਕ ਵਲੋਂ ਪ੍ਰਗਟਾਵਾ

ਚੰਡੀਗੜ੍ਹ, 15 ਅਪਰੈਲ (ਸਟਾਫ ਰਿਪੋਰਟਰ)—ਪਤਾ ਲਗਾ ਹੈ ਕਿ ਕਾਂਗ-ਰਸ ਹਾਈਕਮਾਨ ਵਲੋਂ ਜੋ ਸਿਆਸੀ ਅਬਜ਼ਰਵਰ ਪੰਜਾਬ ਕਾਂਗਰਸ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਭੇਜਿਆ ਗਿਆ ਸੀ, ਉਸ ਨੇ ਆਪਣੀ ਰਿਪੋਰਟ ਪੇਸ਼ ਕਰ ਦਿਤੀ ਹੈ। ਖਿਆਲ ਕੀਤਾ ਜਾਂਦਾ ਹੈ ਕਿ ਇਸ ਰਿਪੋਰਟ ਵਿਚ ਸਿਫਾਰਿਸ਼ ਕੀਤੀ ਹੈ ਕਿ ਪੰਜਾਬ ਕਾਂਗਰਸ ਦਾ ਪ੍ਰਧਾਨ ਕਿਸੇ ਅਜਿਹੇ ਵਿਅਕਤੀ ਨੂੰ ਬਣਾਇਆ ਜਾਵੇ ਜਿਸ ਦਾ ਪਿਛੋਕੜ ਪੇਂਡੂ ਹੋਵੇ ਅਤੇ ਉਹ ਸਿਆਸਤ ਨੂੰ ਚੰਗੀ ਤਰ੍ਹਾਂ ਸਮਝਦਾ ਹੋਵੇ। ਰਿਪੋਰਟ ਵਿਚ ਇਹ ਸਿਫਾਰਿਸ਼ ਵੀ ਕੀਤੀ ਗਈ ਹੈ ਕਿ ਨਵਾਂ ਪ੍ਰਧਾਨ ਮਾਲਵੇ ਦੇ ਇਲਾਕੇ ਵਿਚੋਂ ਲਿਆ ਜਾਵੇ ਅਤੇ ਉਹ ਸਿਖ ਹੋਵੇ ਤਾਂਕਿ ਅਕਾਲੀਆਂ ਦਾ ਟਾਕਰਾ ਪਾਰਟੀ ਪਧਰ ਤੇ ਕੀਤਾ ਜਾ ਸਕੇ। ਇਹ ਗਲ ਨੋਟ ਕਰਨ ਵਾਲੀ ਗਲ ਹੈ ਕਿ ਹੁਣ ਤਕ ਇਹ ਦਲੀਲ ਦਿਤੀ ਜਾਂਦੀ ਰਹੀ ਹੈ ਕਿਉਂਕਿ ਪੰਜਾਬ ਦਾ ਮੁਖ ਮੰਤਰੀ ਸਿਖ ਹੈ, ਇਸ ਲਈ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਹਿੰਦੂ ਹੋਣਾ ਚਾਹੀਦਾ ਹੈ ਦਸਿਆ ਗਿਆ ਹੈ ਕਿ ਪ੍ਰਧਾਨ ਦੇ ਅਹੁਦੇ ਲਈ ਗੁਰਦਰਸ਼ਨ ਸਿੰਘ ਹਰਚਰਨ ਸਿੰਘ ਬਰਾੜ ਅਤੇ ਕੈਪ-ਟਨ ਅਮਰਿੰਦਰ ਸਿੰਘ ਦਾ ਨਾਂ ਲਿਆ ਗਿਆ ਹੈ।

ਬੀਮਾਂ ਮੁਲਾਜ਼ਮਾਂ ਨੂੰ ਹਫਤੇ ਵਿਚ ਬੋਨਸ ਦਿਤਾ ਜਾਵੇ

ਨਵੀਂ ਦਿੱਲੀ, 15 ਅਪ੍ਰੈਲ—(ਪੀ. ਟੀ. ਆਈ)—ਸੁਪਰੀਮ ਕੋਰਟ ਨੇ ਜੀਵਨ ਬੀਮਾ ਕਾਰਪੋਰੇਸ਼ਨ ਨੂੰ ਹੁਕਮ ਦਿਤਾ ਹੈ ਕਿ ਤੀਸਰੀ ਅਤੇ ਚੌਥੀ ਸ਼੍ਰੇਣੀ ਦੇ ਬੀਮਾ ਮੁਲਾਜ਼ਮਾਂ ਨੂੰ ਇਸ ਹਫਤੇ ਦੇ ਅੰਦਰ 1974 ਦੇ ਸਮਝੌਤੇ ਅਨੁਸਾਰ ਬੋਨਸ ਦੀ ਅਦਾਇਗੀ ਕੀਤੀ ਜਾਏ ਅਤੇ ਇਸ ਦੇ ਨਾਲ ਹੀ ਜਦੋਂ ਤੋਂ ਬੋਨਸ ਬਣਦਾ ਹੈ, ਉਸ ਤਰੀਕ ਤੋਂ 12 ਫੀਸਦੀ ਸਾਲਾਨਾ ਦੀ ਦਰ ਨਾਲ ਸੂਦ ਦੀ ਰਕਮ ਵੀ ਅਦਾ ਕੀਤੀ ਜਾਏ। ਸੁਪਰੀਮ ਕੋਰਟ ਦੇ ਡਵੀ-

ਸੁਪਰੀਮ ਕੋਰਟ ਦਾ ਬੀਮਾਂ ਨਿਗਮ ਨੂੰ ਆਦੇਸ਼ 12ਫੀਸਦੀ ਸੂਦ ਦੇਣਦੀ ਵੀਹਦਾਇਤ ਕੀਤੀ

ਜਨ ਬੈਂਚ ਨੇ ਆਪਣੇ ਹੁਕਮ ਵਿਚ ਸਪਸ਼ਟ ਤੌਰ ਤੇ ਬੀਮਾ ਨਿਗਮ ਨੂੰ ਕਿਹਾ ਹੈ ਕਿ ਸੁਪਰੀਮ ਕੋਰਟ ਦੇ 10 ਨਵੰਬਰ 1980 ਦੇ ਹੁਕਮ ਤੇ ਅਮਲ ਕੀਤਾ ਜਾਏ। ਜਿਸ ਵਿਚ ਬੀਮਾਂ ਮੁਲਾਜ਼ਮਾਂ ਨੂੰ 1974 ਦੇ ਸਮਝੌਤੇ ਅਧੀਨ ਬੋਨਸ ਦੀ ਅਦਾਇਗੀ ਕੀਤੀ ਜਾਏ। ਜਸਟਿਸ ਏ. ਸੀ. ਗੁਪਤਾ, ਜਸਟਿਸ ਆਰ. ਐਸ. ਪਾਠਕ ਅਤੇ ਜਸਟਿਸ ਚਿਨਾਪਾ ਰੈਡੀ ਤੇ ਆਧਾਰਿਤ ਬੈਂਚ ਨੇ ਭਾਰਤ ਦੇ ਅਟਾਰਨੀ ਜਨਰਲ ਸ੍ਰੀ ਐਲ. ਐਨ. ਸਿਨਹਾ ਦੀ ਇਸ ਪ੍ਰਾਰਥਨਾ ਤੇ ਹੁਕਮ ਜਾਰੀ ਕੀਤਾ ਕਿ ਬੋਨਸ ਦੀ ਅਦਾਇਗੀ ਬਾਰੇ ਸਪਸ਼ਟ ਆਰਡਰ ਦਿਤੇ ਜਾਣ। ਮੁਲਾਜ਼ਮਾਂ ਦੀ ਐਸੋਸੀਏਸ਼ਨ ਪਹਿਲਾ ਹੀ ਅਦਾਲਤ ਨੂੰ ਇਹ ਵਚਨ ਦੇ ਚੁਕੀ ਹੈ ਜੇ ਪਟੀਸ਼ਨਾਂ ਦਾ ਫੈਸਲਾ ਵਿਰੁਧ ਹੋ ਜਾਏ ਤਾਂ ਬੋਨਸ ਦੀ ਰਕਮ ਅਗਲੀ ਅਦਾਇਗੀਆਂ ਵਿਚ ਜਮ੍ਹਾਂ ਖਰਚ ਕਰ ਲਈ ਜਾਏ। ਆਸ ਹੈ ਕਿ ਹੁਣ ਬੀਮਾ ਮੁਲਾਜ਼ਮ ਆਪਣੀ 2 ਅਪ੍ਰੈਲ ਤੋਂ ਜਾਰੀ ਅਣਮਿਥੀ ਹੜਤਾਲ ਅਜ ਸ਼ਾਮ ਵਾਪਸ ਲੈ ਲੈਣਗੇ। ਇਸ ਤੋਂ ਪਹਿਲਾ ਰਾਸ਼ਟਰ-ਪਤੀ ਨੇ ਇਕ ਆਰਡੀਨੈਂਸ ਜਾਰੀ ਕੀਤਾ ਸੀ ਜਿਸ ਨਾਲ ਕੇਂਦਰ ਸਰਕਾਰ ਨੂੰ ਬੀਮਾ ਮੁਲਾਜ਼ਮਾਂ ਦੀਆਂ ਸੇਵਾ ਸ਼ਰਤਾਂ ਅਤੇ ਬੋਨਸ ਵਿਚ ਸੋਧ ਕਰਨ ਦਾ ਅਧਿ-ਕਾਰ ਮਿਲ ਗਿਆ ਸੀ। ਇਸ ਪਿਛੋਂ ਸਰਕਾਰ ਨੇ ਬੀਮਾ ਮੁਲਾਜ਼ਮਾਂ ਦੀਆਂ ਸੇਵਾ ਸ਼ਰਤਾਂ ਹੋਰਨਾਂ ਮੁਲਾਜ਼ਮਾਂ ਵਾਂਗ ਇਕ ਸਾਰ ਕਰਨ ਵਾਸਤੇ ਇਕ ਨੋਟੀ-ਫਿਕੇਸ਼ਨ ਜਾਰੀ ਕੀਤਾ ਸੀ। ਜਿਸ ਨੂੰ ਬੀਮਾ ਮੁਲਾਜ਼ਮਾਂ ਦੀ ਐਸੋਸੀਏਸ਼ਨ ਨੇ ਸੁਪਰੀਮ ਕੋਰਟ ਵਿਚ ਚੈਲੰਜ ਕਰਦਿਆਂ ਰਿਟ ਦਾਇਰ ਕੀਤੀ ਸੀ ਜੋ ਅਜ ਵਿਚਾਰ ਅਧੀਨ ਹੈ। ਇਸ ਦੇ ਨਾਲ ਹੀ ਮੁਲਾਜ਼ਮਾਂ ਨੇ ਇਹ ਪਟੀਸ਼ਨ ਦਾਇਰ ਕੀਤੀ ਕਿ ਬੀਮਾ ਕਾਰਪੋਰੇਸ਼ਨ ਸੁਪਰੀਮ ਕੋਰਟ ਦੇ ਹੁਕਮ ਅਨੁਸਾਰ ਬੋਨਸ ਦੀ ਅਦਾਇਗੀ ਨਹੀਂ ਕਰ ਰਹੀ ਜੋ ਅਦਾਲਤ ਦੀ ਤੌਹੀਨ ਹੈ। ਕਲ ਸੁਪਰੀਮ ਕੋਰਟ ਨੇ ਅਟਾਰਨੀ ਜਨਰਲ ਨੂੰ ਅਜ ਜਵਾਬ ਦੇਣ ਦੀ ਹਦਾਇਤ ਕੀਤੀ ਸੀ।

(ਬਾਕੀ ਸਫਾ 5 ਤੇ ਕਾਲਮ 3)

ਰਾਏ ਵਿਰੁਧ ਇੰਦਰਾ ਕੋਲ ਸ਼ਕਾਇਤ ਕਰਨ ਲਈ ਸ: ਦਰਬਾਰਾ ਸਿੰਘ ਦਿੱਲੀ ਚਲੇ ਗਏ

ਚੰਡੀਗੜ੍ਹ, 15 ਅਪ੍ਰੈਲ-(ਸਟਾਫ ਰਿਪੋਰਟਰ) ਮੁਖ ਮੰਤਰੀ ਸ: ਦਰਬਾਰਾ ਸਿੰਘ ਅਜ ਨਵੀਂ ਦਿਲੀ ਚਲੇ ਗਏ ਜਿਥੇ ਉਹ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਕੋਲ ਆਲ ਇੰਡੀਆ ਕਾਂਗਰਸ (ੲ) ਦੇ ਜਨਰਲ ਸਕਤਰ ਸ੍ਰੀ ਕਲਪਨਾਥ ਰਾਏ ਵਿਰੁਧ ਸ਼ਿਕਾਇਤ ਕਰਨਗੇ। ਯਾਦ ਰਹੇ ਕਿ ਸ੍ਰੀ ਕਲਪਨਾਥ ਰਾਏ ਨੇ ਮੁਖ ਮੰਤਰੀ ਨੂੰ ਚਿਠੀ ਲਿਖਕੇ ਪੰਜਾਬ ਪ੍ਰਦੇਸ਼ ਕਾਂਗ੍ਰਸ ਨੂੰ ਨਕਾਰਾ ਕਰਾਰ ਦਿਤਾ ਸੀ ਅਤੇ ਕਿਹਾ ਸੀ ਕਿ ਪੰਜਾਬ ਸਰਕਾਰ ਨੂੰ ਅਫਸਰਸ਼ਾਹੀ ਚਲਾ ਰਹੀ ਹੈ। ਮੁਖ ਮੰਤਰੀ ਦੇ ਨੇੜੇ ਦੇ ਹਲਕਿਆਂ ਨੇ ਸ੍ਰੀ ਰਾਏ ਵਲੋਂ ਚਿਠੀ ਅਖਬਾਰਾਂ ਨੂੰ ਦੇਣ ਦੀ ਕਾਰਵਾਈ ਨੂੰ ਪਾਰਟੀ ਡਸਿਪਲਿਨ ਦੀ ਉਲੰਘਣਾ ਕਰਾਰ ਦਿਤਾ ਹੈ। ਪਤਾ ਲਗਾ ਹੈ ਕਿ ਸ੍ਰੀ ਰਾਏ ਦੀ ਚਿਠੀ ਕਾਰਨ ਮੁਖ ਮੰਤਰੀ ਦੇ ਨੇੜੇ ਦੇ ਹਲਕੇ ਬਹੁਤ ਨਾਖੁਸ਼ ਅਤੇ ਘਬਰਾਹਟ ਵਿਚ ਹਨ। ਉਹਨਾਂ ਦਾ ਕਹਿਣਾ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਿਸੇ ਵੀ ਸਮੇਂ ਨਾਲੋਂ ਚੰਗਾ ਕੰਮ ਕਰ ਰਹੀ ਹੈ ਅਤੇ 15 ਲਖ ਦੀ ਭਰਤੀ ਇਸਦਾ ਸਬੂਤ ਹੈ। ਇਹਨਾਂ ਸੂਤਰਾਂ ਨੇ ਸ੍ਰੀ ਰਾਏ ਦੀ ਚਿਠੀ ਨੂੰ ਗੁਮਰਾਹਕੁਨ ਕਰਾਰ ਦਿਤਾ ਹੈ ਅਤੇ ਉਹਨਾਂ ਵਲੋਂ ਲਗਾਏ ਗਏ ਦੋਸ਼ਾਂ ਨੂੰ ਗਲਤ ਦਸਿਆ ਹੈ।

(ਬਾਕੀ ਸਫਾ 5 ਕਾਲਮ 4 ਤੇ)

ਗਿ: ਜ਼ੈਲ ਸਿੰਘ ਅਜ ਫਰੀਦਕੋਟ ਆਣਗੇ

ਫਰੀਦਕੋਟ, 15 ਅਪ੍ਰੈਲ-ਕੇਂਦਰੀ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਕਲ 16 ਅਪ੍ਰੈਲ ਨੂੰ ਫਰੀਦਕੋਟ ਪੁਜ ਰਹੇ ਹਨ ਜਿਥੇ ਉਹ ਕਮਲਾ ਨਹਿਰੂ ਜੇਨ ਗਰਲਜ਼ ਹਾਇਰ ਸੈਕੰਡਰੀ ਸਕੂਲ ਫਰੀਦਕੋਟ ਵਿਖੇ ਭਗਵਾਨ ਮਹਾਂਵੀਰ ਜੈਯੰਤੀ ਸਮਾਰੋਹ ਵਿਚ ਸ਼ਾਮਲ ਹੋਣਗੇ।

ਬੀਮਾ ਮੁਲਾਜ਼ਮਾਂ ਦੀ 14 ਦਿਨਾਂ ਤੋਂ ਚਲ ਰਹੀ ਹੜਤਾਲ ਖ਼ਤਮ

ਨਵੀਂ ਦਿਲੀ, 15 ਅਪ੍ਰੈਲ—ਬੀਮਾ ਨਿਗਮ ਦੇ 45 ਹਜ਼ਾਰ ਤੀਜੇ ਤੇ ਚੌਥੇ ਦਰਜੇ ਦੇ ਮੁਲਾਜ਼ਮਾਂ ਨੇ ਆਪਣੀ ਹੜਤਾਲ ਅਜ ਤਾਂ ਖਤਮ ਕਰ ਦਿਤੀ। ਇਹ ਫੈਸਲਾ ਮੁਲਾਜ਼ਮਾਂ ਦੀਆਂ 5 ਯੂਨੀਅਨਾਂ ਦੇ ਪ੍ਰਤੀਨਿਧਾਂ ਦੀ ਮੀਟਿੰਗ ਵਿਚ ਕੀਤਾ ਗਿਆ। ਸੁਪਰੀਮ ਕੋਰਟ ਦੇ ਫੈਸਲੇ ਪਿਛੋਂ ਇਹ ਮੀਟਿੰਗ ਹੋਈ ਸੀ। ਬੀਮਾ ਮੁਲਾਜ਼ਮ ਬੋਨਸ ਦੀ ਮੰਗ ਨੂੰ ਲੈਕੇ ਪਿਛਲੇ 14 ਦਿਨਾ ਤੋਂ ਹੜਤਾਲ ਤੇ ਸਨ। ਸੁਪਰੀਮ ਕੋਰਟ ਨੇ ਨਿਗਮ ਨੂੰ ਹੁਕਮ ਦਿਤਾ ਹੈ ਕਿ ਬੀਮਾ ਮੁਲਾਜ਼ਮਾਂ ਨੂੰ ਬੋਨਸ ਦੀ ਅਦਾਇਗੀ ਇਕ ਹਫਤੇ ਵਿਚ ਕੀਤੀ ਜਾਵੇ ਅਤੇ ਨਾਲ ਹੀ 12 ਫੀਸਦੀ ਸੂਦ ਸੂਦ ਵੀ ਦਿਤਾ ਜਾਵੇ।

ਕਬਾੜੀਏ ਦੀ ਦੁਕਾਨ 'ਚ ਬੰਬ ਫਟਿਆ-1 ਹਲਾਕ-4 ਫੱਟੜ

ਜਲੰਧਰ, 15 ਅਪਰੈਲ—(ਸ) ਅਜ ਇਥੇ ਬਾਅਦ ਦੁਪਹਿਰ ਇਕ ਵਜੇ ਦੇ ਕਰੀਬ ਇੰਡਸਟਰੀਅਲ ਏਰੀਆ ਵਿਚ ਇਕ ਕਬਾੜੀਏ ਸਿਮਰਨ ਦਾਸ ਅਗਰ-ਵਾਲ ਦੀ ਦੁਕਾਨ, ਦੀ ਅਗਰਵਾਲ ਮੈਟਲ ਵਰਕਸ ਵਿਚ ਇਕ ਬੰਬ ਫਟ ਜਾਣ ਨਾਲ ਇਲਾਕੇ ਭਰ ਵਿਚ ਸਨਸਨੀ ਫੈਲ ਗਈ। ਬੰਬ ਧਮਾਕੇ ਦੇ ਫਲਸਰੂਪ ਇਕ ਸਫਾਈ ਮਜ਼ਦੂਰ ਖੁਸ਼ੀ ਰਾਮ ਦਾ 14-15 ਸਾਲਾ ਲੜਕਾ ਹਲਾਕ ਹੋ ਗਿਆ ਅਤੇ ਉਸ ਦੀ ਬਾਂਹ ਫੱਟੀ ਉਡ ਗਈ। ਦੁਕਾਨ 'ਚ ਕੰਮ ਕਰ ਰਹੇ 4 ਹੋਰ ਵਿਅਕਤੀ ਗੰਭੀਰ ਰੂਪ ਵਿਚ ਫੱਟੜ ਹੋ ਗਏ, ਜਿਨ੍ਹਾਂ ਦੇ ਨਾਂ—ਮਾਘੀ ਰਾਮ ਵਲਦ ਕਾਂਸ਼ੀ ਰਾਮ, ਮੁਨਸ਼ੀ ਰਾਮ ਬਸਤੀ ਬਾਵਾ ਖੇਲ, ਕਦਮ ਲਾਲ ਭਈਆ ਅਤੇ ਪਰਤਾਪ ਸਿੰਘ ਵਲਦ ਅਫਰ ਸਿੰਘ ਹਨ। ਇਨ੍ਹਾਂ ਨੂੰ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਜਿਥੇ ਦੋ ਫੱਟੜਾਂ ਦੀ ਹਾਲਤ ਖਤਰੇ ਵਿਚ ਦਸੀ ਜਾਂਦੀ ਹੈ। ਦਸਿਆ ਜਾਂਦਾ ਹੈ ਕਿ ਦੁਕਾਨ ਵਿਚ ਪੁਰਾਣੇ ਬੰਬਾਂ ਦੇ ਖੋਲ ਵਿਚੋਂ ਪਿਤਲ ਕਢਿਆ ਜਾ ਰਿਹਾ ਸੀ ਕਿ ਇਕ ਬੰਬ ਫਟ ਗਿਆ। ਬੰਬ ਦੇ ਧਮਾਕੇ ਨਾਲ ਦੁਕਾਨ ਦੀ ਛਤ ਵਿਚ ਵੀ ਤਰੇੜਾਂ ਪੈ ਗਈਆਂ ਹਨ।

ਕੈਥੋਲਿਕ ਯੂਨੀਅਨ ਖਾਲਿਸਤਾਨ ਦਾ ਵਿਰੋਧ

ਨਵੀਂ ਦਿਲੀ, 15 ਅਪ੍ਰੈਲ—(ਪੀ.ਟੀ.ਆਈ) ਆਲ ਇੰਡੀਆ ਕੈਥੋ-ਲਿਕ ਯੂਨੀਅਨ ਦੇ ਪ੍ਰਧਾਨ ਸ੍ਰੀ ਜੀ. ਔਰ. ਰੈਡੀ ਐਮ.ਪੀ. ਨੇ ਦੇਸ਼ ਦੇ ਸਾਰੇ ਘਟਗਿਣਤੀ ਲੀਡਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਕੁਝ ਅਕਾਲੀ ਲੀਡਰਾਂ ਵਲੋਂ ਖਾਲਿਸਤਾਨ ਦੀ ਮੰਗ ਦਾ ਵਿਰੋਧ ਕਰਨ। ਉਨ੍ਹਾਂ ਕਿਹਾ ਕਿ ਇਸ ਮੰਗ ਨਾਲ ਦੇਸ਼ ਦੀਆਂ ਘਟ ਗਿਣਤੀਆਂ ਨੂੰ ਨੁਕਸਾਨ ਪੁਜ ਸਕਦਾ ਹੈ।

ਅਪਾਹਜਾਂ ਵਲੋਂ ਕਿਰਾਏ ਚ ਸੌ ਫੀਸਦੀ ਛੋਟ ਦੀ ਮੰਗ

ਹੁਸ਼ਿਆਰਪੁਰ, 15 ਅਪਰੈਲ—(ਵਿ. ਪ੍ਰ)—ਇਥੇ ਦੇ ਵਖ-ਵਖ ਦਫਤਰਾਂ ਚ ਕੰਮ ਕਰਦੇ ਅਪਾਹਜਾਂ ਨੇ ਅਜ ਇਥੇ ਇਕ ਮੀਟਿੰਗ ਕਰਕੇ ਬਸਾਂ ਚ 50 ਫੀਸਦੀ ਦੀ ਥਾਂ ਸੌ ਫੀਸਦੀ ਕਿਰਾਏ ਚ ਛੋਟ ਦੀ ਮੰਗ ਕੀਤੀ। ਉਨ੍ਹਾਂ ਨੇ ਇਹ ਵੀ ਕਿਹਾ ਕਿ 10ਵੀਂ ਪਾਸ ਕਰ ਚੁਕੇ ਅਪਾਹਜਾਂ ਨੂੰ ਵੀ ਚਪੜਾਸੀ ਤੋਂ ਕਲਰਕ ਬਣਾ ਦਿਤਾ ਜਾਵੇ ਤਾਂ ਜੋ ਇਹ ਵੀ ਬਾਇਜ਼ਤ ਜੀਵਨ ਬਤੀਤ ਕਰ ਸਕਣ।

ਬੈਚਰ ਵਿਰੁਧ ਦਿੱਲੀ ਚ ਵਿਖਾਵਾ

ਕਾਲੀਆਂ ਝੰਡੀਆਂ ਵਿਖਾਈਆਂ-19 ਵਿਦਿਆਰਥੀ ਫੜੇ

ਨਵੀਂ ਦਿਲੀ, 15 ਅਪਰੈਲ—(ਯੂ. ਐਨ. ਆਈ.) ਅਜ ਇਥੇ ਹਵਾਈ ਅੱਡੇ ਤੇ ਯੂਨੀਵਰਸਟੀ ਵਿਦਿਆਰਥੀਆਂ ਦੇ ਇਕ ਗਰੁਪ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਵਿਰੁਧ ਕਾਲੀਆਂ ਝੰਡੀਆਂ ਨਾਲ ਵਿਖਾਵਾ ਕੀਤਾ। ਜਦੋਂ ਸ੍ਰੀਮਤੀ ਥੈਚਰ ਦੀ 6 ਦਰਵਾਜ਼ਿਆਂ ਵਾਲੀ ਕਾਲੀ ਮੋਟਰ ਗਡੀ ਉਥੋਂ ਲੰਘੀ ਤਾਂ ਲੜਕੇ ਅਤੇ ਲੜਕੀਆਂ ਨੇ ਨਾਅਰੇ ਲਾਏ, ਨਸਲ-ਵਾਦੀ ਸ੍ਰੀਮਤੀ ਥੈਚਰ ਵਾਪਸ ਜਾਓ' ਨਾਗਰਿਕਤਾ ਬਿਲ ਵਾਪਸ ਲਓ' ਸ੍ਰੀਮਤੀ ਥੈਚਰ ਨੇ ਵਿਖਾਵਾਕਾਰੀਆਂ ਵਲ ਵੇਖਿਆ ਮੁਸਕਰਾਏ ਅਤੇ ਹਥ ਲਹਿਰਾਇਆ। ਪਾਰਲੀਮੈਂਟ ਹਾਊਸ ਦੇ ਨੇੜੇ ਕੁਝ ਵਿਅਕਤੀਆਂ ਨੇ ਪੁਲੀਸ ਦਾ ਘੇਰਾ ਤੋੜਨ ਦਾ ਯਤਨ ਕੀਤਾ। ਵਿਰੋਧ ਕਰਨ ਵਾਲਿਆਂ ਵਿਚ ਭਾਰਤੀ ਕਮਿਊਨਿਸਟ ਪਾਰਟੀ ਨਾਲ ਸਬੰਧਤ ਸਟੂਡੈਂਟਸ ਫੈਡ-ਰੇਸ਼ਨ ਦੇ ਵਰਕਰਾਂ ਨੇ ਉਸ ਸਮੇਂ ਨਾਅਰੇ ਲਾਏ ਜਦੋਂ ਪ੍ਰਧਾਨ ਮੰਤਰੀ ਥੈਚਰ ਦੀ ਕਾਰ ਵਿਜੇ ਚੌਕ ਵਿਚੋਂ ਲੰਘੀ। ਪੁਲੀਸ ਨੇ 14 ਕਿਲੋਮੀਟਰ ਲੰਮੇ ਰਸਤੇ ਤੇ ਸੁਰਖਿਆ ਦੇ ਸਖਤ ਪ੍ਰਬੰਧ ਕੀਤੇ ਹੋਏ ਸਨ। ਪੁਲੀਸ ਨੇ ਫੈਡਰੇਸ਼ਨ ਦੀ ਜਨਰਲ ਸਕਤਰ ਅਮਰਜੀਤ ਕੌਰ ਅਤੇ 18 ਹੋਰ ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲਿਆ ਤੇ ਪਾਰਲੀਮੈਂਟ ਸਟਰੀਟ ਥਾਣੇ ਵਿਖੇ ਲਿਜਾਇਆ ਗਿਆ।

ਰਿਜ਼ਰਵੇਸ਼ਨ ਖਤਮ ਕੀਤੀ ਤਾਂ ਹਰੀਜਨ ਵਖ ਸੂਬਾ ਮੰਗਣ ਲਈ ਮਜਬੂਰ ਹੋਣਗੇ_ਪ੍ਰਦੇਸੀ

ਚੰਡੀਗੜ੍ਹ, 15 ਅਪ੍ਰੈਲ—(ਹਿ. ਸ.) ਆਲ ਇੰਡੀਆ ਮਜ਼ਦੂਰ ਕਾਂਗਰਸ ਦੇ ਮੀਤ ਪ੍ਰਧਾਨ ਸ੍ਰੀ ਕਰਮਚੰਦ ਪ੍ਰਦੇਸੀ ਨੇ ਚਿਤਾਵਨੀ ਦਿਤੀ ਹੈ ਕਿ ਸੇਵਾਵਾਂ ਅਤੇ ਵਿਧਾਨਕ ਸੰਸਥਾਵਾਂ ਵਿਚ ਅਨੁਸੂਚਿਤ ਜਾਤੀਆਂ ਨੂੰ ਰਿਜ਼ਰਵੇਸ਼ਨ ਦਾ ਜੋ ਸੰਵਿਧਾਨਿਕ ਅਧਿਕਾਰ ਮਿਲਿਆ ਹੋਇਆ ਹੈ, ਉਸ ਨੂੰ ਜੇ ਖਤਮ ਕਰਨ ਦੀ ਦਿਸ਼ਾ ਵਿਚ ਕੋਈ ਕਾਰਵਾਈ ਕੀਤੀ ਗਈ ਤਾਂ ਹਰੀਜਨ ਆਪਣੇ ਲਈ ਅਲਗ ਸੂਬੇ ਦੀ ਮੰਗ ਕਰਨ ਤੇ ਮਜਬੂਰ ਹੋ ਜਾਣਗੇ। ਅਜ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਪ੍ਰਦੇਸੀ ਦੇ ਇਲਾਵਾ ਅਨੁਸੂਚਿਤ ਜਾਤੀ ਕਲਿਆਣ ਮਹਾਂ ਸੰਘ ਦੇ ਜਨਰਲ ਸਕਤਰ ਸ੍ਰੀ ਅਮਰ ਨਾਥ ਸਰਹਦੀ, ਅੰਬੇਦਕਰ ਕਾਲਜ ਦੇ ਪ੍ਰਿੰਸੀਪਲ ਸ੍ਰੀ ਆਰ. ਐਸ. ਚੌਧਰੀ ਅਤੇ ਰਿਟਾਇਰਡ ਆਈ. ਜੀ. (ਜੇਲ) ਪੰਜਾਬ, ਸ੍ਰੀ ਕੇ. ਸੀ. ਸ਼ਨਯਾਰ ਨੇ ਦੋਸ਼ ਲਗਾਇਆ ਕਿ ਦੇਸ਼ ਦੇ ਵਖ ਵਖ ਰਾਜਾਂ ਵਿਚ ਜੋ ਰਿਜ਼ਰਵੇਸ਼ਨ ਵਿਰੋਧੀ ਅੰਦੋਲਨ ਚਲ ਰਹੇ ਹਨ, ਦੇ ਪਿਛੇ ਅਜਿਹੀਆਂ ਵਿਦੇਸ਼ੀ ਤਾਕਤਾਂ ਦਾ ਹਥ ਹੈ ਜੋ ਇਸ ਦੇਸ਼ ਨੂੰ ਖੇਰੂ ਖੇਰੂ ਕਰਨ ਲਈ ਬੜਾਵਾ ਦੇਣਾ ਚਾਹੁੰਦੀਆਂ ਹਨ।

ਤਿੰਨ ਹਾਦਸਿਆਂ ਚ ਤਿੰਨ ਵਿਅਕਤੀ ਮਰੇ

ਮੋਗਾ, ਅਪਰੈਲ 15 (ਪਤਰ ਪ੍ਰੇਰਕ) ਬੀਤੀ ਸ਼ਾਮ ਇਥੋਂ ਥੋੜੀ ਦੂਰ 3 ਵਖ ਵਖ ਹਾਦਸਿਆਂ ਵਿਚ ਤਿੰਨ ਵਿਅਕ-ਤੀਆਂ ਦੇ ਮਾਰੇ ਜਾਣ ਦੀ ਸੂਚਨਾ ਮਿਲੀ ਹੈ। ਇਕ ਔਰਤ ਬਾਘਾਪੁਰਾਣਾ ਚ ਇਕ ਤੇਜ਼ ਰਫਤਾਰ ਜੀਪ ਹੇਠ ਆ ਕੇ ਕੁਚਲੀ ਗਈ ਜਦੋਂ ਕਿ ਇਕ ਹੋਰ ਨੌਜਵਾਨ ਜੀ. ਟੀ. ਰੋਡ ਤੇ ਇਕ ਬਸ ਹੇਠ ਆਕੇ ਕੁਚ-ਲਿਆ ਗਿਆ। ਤੀਜੇ ਨੌਜਵਾਨ ਨੇ ਇਕ ਗੱਡੀ ਹੇਠ ਆਕੇ ਖੁਦਕਸ਼ੀ ਕਰ ਲਈ।

ਮਨੁਖ ਪੁਲਾੜ ਚ ਜਾ ਸਕੇਗਾ

ਅਮ੍ਰੀਕੀ ਸ਼ਟਲ ਦੀ ਸਫਲਤਾ ਤੇ ਆਸ ਬੱਝੀ

ਹਿਊਸਟਨ (ਟੈਕਸਾਸ), 15 ਅਪਰੈਲ—(ਰਾਇਟਰ) ਅਮਰੀਕਾ ਪੁਲਾੜ ਸ਼ਟਲ ਕੁਲੰਬੀਆ ਦੀ ਪਹਿਲੀ ਸਫਲ ਉਡਾਨ ਨੇ ਇਹ ਸਾਬਤ ਕਰ ਦਿਤਾ ਹੈ ਕਿ ਖੰਭਾਂ ਵਾਲਾ ਪੁਲਾੜ ਵਿਮਾਨ ਆਦਮੀਆਂ ਨੂੰ ਪੁਲਾੜ ਵਿਚ ਲੈ ਜਾ ਸਕਦਾ ਹੈ ਅਤੇ ਅਸਾਨੀ ਨਾਲ ਧਰਤੀ ਤੇ ਪਰਤ ਸਕਦਾ ਹੈ। ਕੈਲੀਫੋਰ-ਨੀਆਂ ਦੇ ਰੇਗਸਤਾਨ ਚ ਠੀਕ ਨਿਸ਼ਚਤ ਥਾਂ ਤੇ ਉਤਰਨ ਪਿਛੋਂ ਪੁਲਾੜੀ ਰਾਬਰਟ ਕਰਿਪਨ ਨੇ ਕਿਹਾ ਕਿ ਅਸੀਂ ਆਪਣੇ ਦੇਸ਼ ਨੂੰ ਇਕ ਸ਼ਾਨਦਾਰ ਤਕਨੀਕੀ ਸਮ-ਰਥਾ ਪ੍ਰਦਾਨ ਕੀਤੀ ਹੈ। ਕੁਲੰਬੀਆ ਪੁਲਾੜ ਵਿਚ ਧਰਤੀ ਦੁਆਲੇ 36 ਚੱਕਰ ਲਗਾਉਣ ਪਿਛੋਂ ਬੀਤੀ ਰਾਤ 11.50 ਵਜੇ ਧਰਤੀ ਤੇ ਉਤਰੀ ਸੀ। ਜਾਹਨ ਯੰਗ ਨੇ ਕਿਹਾ ਕਿ ਹੁਣ ਤਾਰਿਆਂ ਤੇ ਜਾਣਾ ਦੂਰ ਦੀ ਗਲ ਨਹੀਂ ਰਹੀ। ਅਮਰੀਕਾ ਨੇ ਵਿਸ਼ਵ ਦਾ ਪਹਿਲਾ ਅਸਲ ਪੁਲਾੜ ਵਿਮਾਨ ਤਿਆਰ ਕੀਤਾ ਹੈ। ਸ਼ਟਲ ਇਕ ਰਾਕਟ ਦੀ ਤਰ੍ਹਾਂ ਉਡਾਣ ਕਰਦੀ ਹੈ ਅਤੇ ਇਕ ਹਵਾਈ ਜਹਾਜ਼ ਵਾਂਗ ਉਤਰਦੀ ਹੈ। ਇਸ ਰਾਹੀਂ ਗੈਰ-ਪੁਲਾੜੀ ਮੁਸਾਫਰ ਵੀ ਪੁਲਾੜ ਯਾਤਰਾ ਕਰ ਸਕਣਗੇ। ਇਸ ਤੋਂ ਇਲਾਵਾ ਕਾਫੀ ਭਾਰੀ ਸਮਾਨ ਪੁਲਾੜ ਵਿਚ ਭੇਜਿਆ ਜਾ ਸਕੇਗਾ। ਜਦ ਐਡਵਰਡਜ਼ ਏਅਰ ਫੋਰਸ ਅੱਡੇ ਤੇ ਇਕ ਸੁੱਕੀ ਝੀਲ ਵਿਚ ਪੁਲਾੜ ਸ਼ਟਲ ਉਤਰੀ ਤਾਂ ਉਸ ਸਮੇਂ ਹਾਜ਼ਰ ਲਗਪਗ 2 ਲੱਖ ਦਰਸ਼ਕਾਂ ਅਤੇ ਸੰਯੁਕਤ ਪੁਲਾੜ ਏਜੰਸੀ ਕਰਮਚਾਰੀਆਂ ਅਤੇ ਪੱਤਰਕਾਰਾਂ ਨੇ ਤਾੜੀਆਂ ਨਾਲ ਉਸਦਾ ਸੁਆਗਤ ਕੀਤਾ। ਪੁਲਾੜ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਇਕ ਪੁਲਾੜ ਵਿਮਾਨ ਨੂੰ ਖਦ ਉਸ ਵਿਚ ਸਵਾਰ ਪੁਲਾੜੀਆਂ ਨੇ ਸਫਲਤਾ ਪੂਰਵਕ ਉਤਾਰਿਆ। ਤਪਸ਼ ਰੋਕਣ ਵਾਲੀਆਂ 16 ਟਾਈਲਾਂ ਗੁੰਮ ਹੋਣ ਕਰਕੇ ਮਿਸ਼ਨ ਦੀ ਸਫਲਤਾ ਬਾਰੇ ਕਿਸੇ ਪ੍ਰਕਾਰ ਦਾ ਤੌਖਲਾ ਵੀ ਗਲਤ ਸਿਧ ਹੋਇਆ।

ਸਾਊਦੀ ਅਰਬ ਦਾ ਵਿਦੇਸ਼ ਮੰਤਰੀ ਅਚਾਨਕ ਪਾਕ 'ਚ

ਨਵੀਂ ਦਿਲੀ, 15 ਅਪ੍ਰੈਲ—(ਯੂ. ਐਨ. ਆਈ.) ਸਾਊਦੀ ਅਰਬ ਦੇ ਵਿਦੇਸ਼ ਮੰਤਰੀ ਸਹਿਜ਼ਾਦਾ ਸਾਊਦ-ਅਲ ਫੈਸਲ ਨੇਪਾਲ ਜਾਣ ਦਾ ਪ੍ਰੋਗਰਾਮ ਅਚਾਨਕ ਰਦ ਕਰਕੇ ਅਜ ਦਿਲੀ ਤੋਂ ਇਸਲਾਮਾਬਾਦ ਚਲੇ ਗਏ। ਉਹਨਾਂ ਦੇ ਦੌਰੇ ਵਿਚ ਪਾਕਿਸਤਾਨ ਜਾਣਾ ਸ਼ਾਮਿਲ ਨਹੀਂ ਸੀ। ਦੋ ਦਿਨ ਦੇ ਭਾਰਤ ਦੌਰੇ ਮਗਰੋਂ ਅਜ ਉਹਨਾਂ ਨੇਪਾਲ ਜਾਣਾ ਸੀ। ਸਹਿਜ਼ਾਦਾ ਨੇ ਕਿਹਾ ਕਿ ਉਹ ਰਾਸ਼ਟਰਪਤੀ ਜ਼ਿਆ ਦੇ ਨਾਲ ਸਾਊਦੀ ਅਰਬ ਦੇ ਸ਼ਾਹ ਦਾ ਵਿਸ਼ੇਸ਼ ਸੰਦੇਸ਼ ਲੈਕੇ ਆਏ ਹਨ।

ਬੱਸ ਦਰਖ਼ਤ ਚ ਜਾ ਵੱਜੀ 4 ਔਰਤਾਂ ਹਲਾਕ

ਰਾਜਕੋਟ, 15 ਅਪਰੈਲ—(ਯੂ. ਐਨ. ਆਈ.) ਪਿਛਲੇ 48 ਘੰਟਿਆਂ ਦੌਰਾਨ ਦੂਸਰਾ ਹਾਦਸਾ ਹੋਇਆ ਜਿਸ ਵਿਚ 4 ਔਰਤਾਂ ਹਲਾਕ ਅਤੇ 21 ਵਿਅਕਤੀ ਸਖਤ ਫਟੜ ਹੋ ਗਏ। ਦਸਿਆ ਜਾਂਦਾ ਹੈ ਕਿ ਇਕ ਮੋਟਰ ਗੱਡੀ ਜਿਸ ਵਿਚ ਇਹ ਲੋਕ ਸਵਾਰ ਸਨ ਪਿੰਡ ਜਿਪਾਸਰ ਦੇ ਨੇੜੇ ਇਕ ਦਰਖਤ ਵਿਚ ਜਾ ਲਗੀ ਤੇ ਉਲਟ ਗਈ। ਇਸ ਮੋਟਰ ਗੱਡੀ ਵਿਚ ਬਹੁਤੀਆਂ ਔਰਤਾਂ ਸਨ ਜੋ ਸਵਾਮੀ ਨਾਰਾਇਣ ਜੋੜ ਮੇਲੇ ਤੋਂ ਵਾਪਸ ਆ ਰਹੀਆਂ ਸਨ।

ਪੰਜਾਬ ਵਜ਼ਾਰਤ ਚ 3 ਮੰਤਰੀ ਲਏ ਜਾਣੇ ਸੰਭਵ

ਮਹਿਰਾ, ਚਿਟੀ ਤੇ ਗੁਰਦਰਸ਼ਨਸਿੰਘ ਦੇ ਨਾਵਾਂ ਦੇ ਚਰਚੇ-ਐਲਾਨਛੇਤੀ

ਜਲੰਧਰ, 15 ਅਪਰੈਲ—(ਵਿਸ਼ੇਸ਼) ਜਾਣਕਾਰ ਸੂਤਰਾਂ ਤੋਂ ਪਤਾ ਲਗਾ ਹੈ ਕਿ ਮੁਖ ਮੰਤਰੀ ਸ: ਦਰਬਾਰਾ ਸਿੰਘ ਅਜ ਕਲ ਆਪਣੇ ਮੰਤਰੀ ਮੰਡਲ ਦਾ ਵਿਸਥਾਰ ਕਰਨ ਬਾਰੇ ਗੰਭੀ-ਰਤਾ ਨਾਲ ਵਿਚਾਰ ਕਰ ਰਹੇ ਹਨ ਅਤੇ ਕੁਝ ਹੋਰ ਮੰਤਰੀ ਛੇਤੀ ਹੀ ਮੰਤਰੀ ਮੰਡਲ ਵਿਚ ਸ਼ਾਮਿਲ ਕੀਤੇ ਜਾਣ ਦੀ ਸੰਭਾਵਨਾ ਹੈ। ਇਹਨਾਂ ਸੂਤਰਾਂ ਅਨੁਸਾਰ ਮੁਖ ਮੰਤਰੀ ਇਸ ਸਮੇਂ ਕੇਵਲ ਤਿੰਨ ਮੰਤਰੀ ਸ਼ਾਮਲ ਕਰਨਗੇ ਜਦ ਕਿ ਕੁਝ ਰਾਜ ਮੰਤਰੀ ਅਤੇ ਉਪ ਮੰਤਰੀ ਮਗਰੋਂ ਸ਼ਾਮਲ ਕੀਤੇ ਜਾਣਗੇ। ਪਤਾ ਲਗਾ ਹੈ ਕਿ ਸ: ਦਰਬਾਰਾ ਸਿੰਘ ਕਲ ਦਿਨ ਭਰ ਅਤੇ ਰਾਤ ਨੂੰ ਵੀ ਇਸ ਸਬੰਧ ਵਿਚ ਆਪਣੇ ਸਾਥੀਆਂ ਅਤੇ ਵਿਧਾਇਕਾਂ ਨਾਲ ਵਿਚਾਰ ਵਟਾਂਦਰਾ ਕਰਦੇ ਰਹੇ। ਇਹ ਵੀ ਖਬਰ ਹੈ ਕਿ ਇਹ ਵਿਚਾਰ ਵਟਾਂਦਰਾ ਕਰਨ ਮਗਰੋਂ ਮੁਖ ਮੰਤਰੀ ਨੇ ਕਾਂਗਰਸ ਹਾਈਕਮਾਨ ਨਾਲ ਗਲਬਾਤ ਕਰਨ ਲਈ ਨਵੀਂ ਦਿਲੀ ਚਲੇ ਗਏ ਦਸਿਆ ਗਿਆ ਹੈ ਕਿ ਹਾਲ ਦੀ ਘੜੀ ਜਿਹੜੇ ਤਿੰਨ ਮੰਤਰੀ ਲਏ ਜਾਣਗੇ, ਉਹਨਾਂ ਵਿਚ ਸਪੀਕਰ ਸ੍ਰੀ ਬ੍ਰਿਜ ਭੂਸ਼ਣ ਮਹਿਰਾ ਦਾ ਨਾਮ ਵੀ ਸ਼ਾਮਿਲ ਦਸਿਆ ਗਿਆ ਹੈ। ਪਤਾ ਲਗਾ ਹੈ ਕਿ ਸ੍ਰੀ ਮਹਿਰਾ ਦੀ ਥਾਂ ਨਵੇਂ ਸਪੀਕਰ ਦਾ ਫੈਸਲਾ ਮਗਰੋਂ ਕੀਤਾ ਜਾਵੇਗਾ। ਜਿਨ੍ਹਾਂ ਦੋ ਹੋਰ ਵਿਧਾਇਕਾਂ ਦਾ ਨਾਮ ਮੰਤਰੀ ਪਦ ਲਈ ਲਿਆ ਜਾ ਰਿਹਾ ਹੈ ਉਹਨਾਂ ਵਿਚ ਸ: ਗੁਰਦਰਸ਼ਨ ਸਿੰਘ ਨਾਭਾ ਅਤੇ ਸ੍ਰੀ ਰਾਮ ਲਾਲ ਚਿਟੀ ਸ਼ਾਮਿਲ ਹਨ ਸ੍ਰੀ ਚਿਟੀ ਜਲੰਧਰ ਛਾਉਣੀ ਹਲਕੇ ਤੋਂ ਚੁਣੇ ਗਏ ਸਨ। ਯਾਦ ਰਹੇ ਕਿ ਪਹਿਲਾ ਇਸ ਸਬੰਧ ਵਿਚ ਸ: ਦਰਸ਼ਨ ਸਿੰਘ ਕੇ.ਪੀ. ਸ: ਕੁੰਦਨ ਸਿੰਘ ਅਤੇ ਕੁਛ ਹੋਰ ਵਿਧਾਇਕਾਂ ਦੇ ਮੰਤਰੀ ਲਏ ਜਾਣ ਦੀ ਵੀ ਚਰਚਾ ਹੁੰਦੀ ਰਹੀ ਹੈ।

ਕੇਂਦ੍ਰ ਰਾਜਾਂ ਨੂੰ ਹੋਰ ਸਾਧਨ ਦੇਣ ਤੋਂ ਅਸਮਰਥ

ਕਈ ਹੋਰ ਸਾਧਨਾਂ ਤੇ ਕੰਮ ਕਾਜ ਚ ਸੁਧਾਰ ਤੇ ਜ਼ੋਰ

ਨਵੀਂ ਦਿਲੀ, 15 ਅਪਰੈਲ—(ਯੂ.ਐਨ.ਆਈ.) ਪਤਾ ਲਗਾ ਹੈ ਕਿ ਕੇਂਦਰੀ ਸਰਕਾਰ ਨੇ ਰਾਜਾਂ ਨੂੰ ਹੋਰ ਸਾਧਨ ਮੁਹਈਆ ਕਰਨ ਤੋਂ ਅਸਮਰਥਾ ਪ੍ਰਗਟ ਕੀਤੀ ਹੈ। ਛੇਵੀਂ ਯੋਜਨਾ ਦੇ ਖਰਚੇ ਦੀ ਪਬਲਿਕ ਸੈਕਟਰ ਦੀ ਕੁਲ ਰਕਮ 97500 ਕਰੋੜ ਰੁਪੈ ਚੋਂ ਰਾਜਾਂ ਅਤੇ ਕੇਂਦਰੀ ਇਲਾਕਿਆਂ ਨੂੰ 51.54 ਪ੍ਰਤੀਸ਼ਤ ਅਰਥਾਤ 50250 ਕਰੋੜ ਰੁਪੈ ਮਿਲਣੇ ਹਨ। ਕੇਂਦਰ ਨੇ ਰਾਜਾਂ ਨੂੰ ਹੋਰ ਸਾਧਨ ਪ੍ਰਾਪਤ ਕਰਨ ਵਾਸਤੇ ਕਈ ਸੁਝਾਅ ਦਿਤੇ ਤੇ ਕਈ ਕਦਮ ਚੁਕੇ ਹਨ। ਇਹਨਾਂ ਵਿਚੋਂ ਇਕ 46ਵਾਂ ਸੰਵਿਧਾਨ (ਤਰਮੀਮੀ) ਬਿਲ ਹੈ ਜੋ 3 ਅਪ੍ਰੈਲ ਨੂੰ ਲੋਕ ਸਭਾ ਵਿਚ ਪੇਸ਼ ਕੀਤਾ ਗਿਆ ਸੀ। ਇਸ ਨਾਲ ਰਾਜ ਸਰਕਾਰਾਂ ਆਪਣੇ ਰਾਜਾਂ ਤੋਂ ਬਾਹਰ ਜਾਣ ਵਾਲੇ ਤਿਆਰ ਮਾਲ ਉਤੇ ਟੈਕਸ ਲੈ ਸਕਣਗੀਆਂ। ਇਸ ਨਾਲ ਰਾਜਾਂ ਨੂੰ ਕਰੋੜਾਂ ਰੁਪੈ ਦੀ ਆਮਦਨੀ ਹੋਵੇਗੀ। ਇਸ ਤੋਂ ਇਲਾਵਾ ਰਾਜਾਂ ਦੇ ਬਿਜਲੀ ਬੋਰਡਾਂ ਅਤੇ ਟਰਾਂਸ-ਪੋਰਟ ਕਾਰਪੋਰੇਸ਼ਨਾਂ ਦੇ ਕੰਮ ਕਾਜ ਨੂੰ ਗੈਰ ਤਸੱਲੀਬਖਸ਼ ਦਸਿਆ ਤੇ ਇਸ ਚ ਸੁਧਾਰ ਕਰਨ ਤੇ ਜ਼ੋਰ ਦਿਤਾ। ਪਲਾਨਿੰਗ ਕਮਿਸ਼ਨ ਨੇ ਕੰਮ ਕਾਜ ਵਿਚ ਸੁਧਾਰ ਤੇ ਈਂਧਣ ਬਿਲ ਵਿਚ ਕਟੌਤੀ ਤੇ ਜ਼ੋਰ ਦਿਤਾ ਹੈ।

ਹਵਾਈ ਜਹਾਜ਼ਾਂ ਲਈ ਵਧੇਰੇ ਰਕਮ ਤੇ ਜ਼ੋਰ

600 ਕਰੋੜ ਰੁਪੈ ਦੇ ਟੈਕਸ ਬਕਾਇਆ ਤੇ ਚਿੰਤਾ

ਨਵੀਂ ਦਿਲੀ, 15 ਅਪਰੈਲ—(ਪੀ. ਟੀ. ਆਈ.) ਪਬਲਿਕ ਅਕਾ-ਊਂਟਸ ਕਮੇਟੀ (ਪੀ. ਏ. ਸੀ.) ਨੇ ਰਖਿਆ ਮੰਤਰਾਲੇ ਨੂੰ ਅਗਲੇ ਦਸ ਸਾਲਾ ਵਿਚ ਹਵਾਈ ਸੈਨਾ ਦੀਆਂ ਜਹਾਜ਼ਾਂ ਸਬੰਧੀ ਲੋੜਾਂ ਪੂਰੀਆਂ ਕਰਨ ਲਈ ਇਕ ਢੁਕਵੀਂ ਯੋਜਨਾ ਤਿਆਰ ਕਰਨ ਲਈ ਕਿਹਾ ਹੈ। ਕਮੇਟੀ ਨੇ ਇਹ ਕੰਮ ਬਿਨਾ ਕੋਈ ਹੋਰ ਦੇਰੀ ਕੀਤਿਆਂ, ਹਿੰਦੁਸਤਾਨ ਐਰੋਨਾਟਿਕਸ ਲਿਮਟਿਡ ਨੂੰ ਦੇਣ ਲਈ ਕਿਹਾ ਹੈ। ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਹਵਾਈ ਜਹਾਜ਼ਾਂ ਦੇ ਵਿਕਾਸ ਖੇਤਰ ਚ ਖਰਚ ਕਰਨ ਲਈ ਕਾਫੀ ਰਕਮ ਉਪ-ਲੱਬਧ ਕਰਾਈ ਜਾਵੇ। ਨੋਟ ਮਾਹਕ 11 (ਅਜੀਤ) ਹਵਾਈ ਜਹਾਜ਼ਾਂ ਦੇ ਵਿਕਾਸ ਚ ਦੇਰੀ ਸਬੰਧੀ 33 ਵੀਂ ਰਿਪੋਰਟ ਅਜ ਇਸ ਦੇ ਚੇਅਰਮੈਨ ਸ੍ਰੀ ਚਰਨਜੀਤ ਯਾਦਵ ਨੇ ਲੋਕ ਸਭਾ ਚ ਪੇਸ਼ ਕੀਤੀ। ਏਸੇ ਸਮੇਂ ਪਾਰਲੀਮੈਂਟ ਦੀ ਅਨੁਮਾਨ ਕਮੇਟੀ ਨੇ 600 ਕਰੋੜ ਰੁਪੈ ਦੇ ਟੈਕਸ ਬਕਾਏ ਖੜੇ ਰਹਿਣ ਤੇ ਗਹਿਰਾ ਦੁਖ ਪ੍ਰਗਟ ਕੀਤਾ ਤੇ ਕਰ ਦਾਤਿਆਂ ਨੂੰ ਪੇਸ਼ ਮੁਸ਼ਕਲਾ ਦੂਰ ਕਰਨ ਲਈ ਨੇਮਬਧ ਪ੍ਰਸ਼ਾਸਨ ਦੀਆਂ ਕਾਫੀ ਸਿਫਾਰਸ਼ਾਂ ਕੀਤੀਆਂ। ਆਮਦਨ ਕਰ ਵਿਭਾਗ ਸਬੰਧੀ ਕਮੇਟੀ ਦੇ ਚੇਅਰਮੈਨ ਸ੍ਰੀ ਪਤਾਭੀ ਰਾਮਾ ਰਾਓ ਨੇ ਰਿਪੋਰਟ ਲੋਕ ਸਭਾ ਵਿਚ ਪੇਸ਼ ਕੀਤੀ ਤੇ ਕਿਹਾ ਕਿ 1978-79 ਵਿਚ 20 ਕਰੋੜ ਅਤੇ 1979-80 ਵਿਚ 10 ਕਰੋੜ ਰੁਪੈ ਵਟੇ ਖਾਤੇ ਪਾ ਦੇਣ ਨਾਲ ਵਿਭਾਗ ਦੀ ਕਾਰਗੁਜ਼ਾਰੀ ਦਾ ਪਤਾ ਲਗਦਾ ਹੈ।

ਗੁਰਦਾਸਪੁਰ ਜਥੇ ਦੀ ਚੋਣ 21 ਨੂੰ

ਅੰਮ੍ਰਿਤਸਰ, 15 ਅਪਰੈਲ—ਸ਼ਰੋਮਣੀ ਅਕਾਲੀ ਦਲ (ਸੰਤ) ਦੇ ਦਫ-ਤਰੋਂ ਜਾਰੀ ਕੀਤੇ ਗਏ ਪਰੋਗਰਾਮ ਅਨ-ਸਾਰ ਜ਼ਿਲਾ ਗੁਰਦਾਸਪੁਰ ਅਕਾਲੀ ਜੱਥੇ ਦੀ ਚੋਣ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ ਵਿਖੇ 21 ਅਪਰੈਲ ਨੂੰ ਦਿਨੇ ਇਕ ਵੱਜੇ ਹੋਵੇਗੀ। ਚੋਣਕਾਰ ਮੌਕੇ ਤੇ ਨੋਯਤ ਕੀਤੇ ਜਾਣਗੇ।

ਖਾਲਿਸਤਾਨ ਵਿਰੋਧੀ ਪਰਚਾਰ

ਕਾਂਗ੍ਰਸੀ ਵਧਾਇਕਨੂੰ ਆਦੇਸ਼-ਬੀਰਪਾਲਸਿੰਘ

ਕਲਪ ਨਾਥ ਦੇ ਪ੍ਰਧਾਨ ਮੰਤਰੀ ਨੂੰ ਪਤਰ ਦੀ ਚਰਚਾ

ਲੁਧਿਆਣਾ, 15 ਅਪਰੈਲ—(ਹ.ਸ.) ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਦੇ ਜਨਰਲ ਸੈਕਟਰੀ ਬੀਰ ਪਾਲ ਸਿੰਘ ਵਿਧਾਇਕ ਨੇ ਕਿਹਾ ਕਿ ਇਹ ਗਲ ਗਲਤ ਹੈ ਕਿ ਉਹਨਾਂ ਦੀ ਪਾਰਟੀ ਖਾਲਿਸਤਾਨ ਲਹਿਰ ਦੇ ਮੁਕਾ-ਬਲੇ ਲਈ ਕੁਝ ਨਹੀਂ ਕਰ ਰਹੀ। ਉਹ ਅਜ ਇਥੇ ਆਲ ਇੰਡੀਆ ਕਾਂਗਰਸ (ਆਈ) ਦੇ ਜਨਰਲ ਸੈਕਟਰੀ ਸ੍ਰੀ ਕਲਪ ਨਾਥ ਰਾਏ ਦੀ ਇਕ ਚਿਠੀ ਤੇ ਟਿਪਣੀ ਕਰ ਰਹੇ ਸਨ। ਉਹਨਾਂ ਕਿਹਾ ਕਿ ਖਾਲਿਸਤਾਨ ਲਹਿਰ ਦੀ ਡਟਕੇ ਵਿਰੋਧਤਾ ਕਰਨ ਲਈ ਪਾਰਟੀ ਦੇ ਸਾਰੇ ਵਿਧਾਇਕਾਂ ਨੂੰ ਹਦਾਇਤਾਂ ਜਾਰੀ ਕਰ ਦਿਤੀਆਂ ਗਈਆਂ ਹਨ। ਉਹਨਾਂ ਹਿੰਦ-ਸਤਾਨ ਸਮਾਚਾਰ ਨੂੰ ਦਸਿਆ ਕਿ ਉਪ-ਰੋਕਤ ਲਹਿਰ ਦੇ ਵਿਰੁਧ ਮੁਹਿੰਮ ਸ਼ੁਰੂ ਕਰ ਦਿਤੀ ਗਈ ਹੈ। ਪਿਛਲੇ ਦਿਨੀ ਜਦੋਂ ਚੀਫ ਖਾਲਸਾ ਦੀਵਾਨ ਦੇ ਸ: ਗੰਗਾ ਸਿੰਘ ਨੇ ਮੁਖ ਮੰਤਰੀ ਸ: ਦਰਬਾਰਾ ਸਿੰਘ ਨਾਲ ਮੁਲਾਕਾਤ ਕਰਨੀ ਚਾਹੀ ਸੀ ਤਾਂ ਮੁਖ ਮੰਤਰੀ ਨੇ ਇਹ ਕਹਿਕੇ ਕਿ ਉਹਨਾਂ ਦੀ ਮੰਗ ਰਾਸ਼ਟਰ ਵਿਰੋਧੀ ਹੈ, ਮਿਲਣ ਤੋਂ ਇਨਕਾਰ ਕਰ ਦਿਤਾ। ਉਹਨਾਂ ਕਿਹਾ ਕਿ ਹੁਣ ਜਦ ਕਿ ਸਰ-ਕਾਰ ਨੇ ਕਿਸਾਨਾਂ ਦੀ ਉਪਜ ਦੇ ਭਾਅ ਉਚਿਤ ਦੇ ਦਿਤੇ ਹਨ ਤਾਂ ਵਿਰੋਧੀ ਪਾਰਟੀਆਂ ਪਾਸ ਸਰਕਾਰ ਵਿਰੁਧ ਕੁਝ ਕਹਿਣ ਲਈ ਨਹੀਂ ਰਿਹਾ ਹੈ।

(ਬਾਕੀ ਸਫਾ 5 ਕਾਲਮ 6 ਤੇ)

ਭਾਜਪਾ 'ਸਿਖ ਵਖਰੀ ਕੌਮ' ਦੀਮੰਗ ਦਾਸਖਤ ਵਿਰੋਧ ਕਰੇਗੀ-ਸ੍ਰੀ ਸ਼ਰਮਾ ਵਲੋਂ ਐਲਾਨ

ਚੰਡੀਗੜ੍ਹ, 15 ਅਪਰੈਲ—(ਹਿ. ਸ.) ਭਾਰਤੀ ਜਨਤਾ ਪਾਰਟੀ ਦੇ ਸਕੱਤਰ ਸ੍ਰੀ ਕਿਸ਼ਨ ਲਾਲ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸਿਖਾਂ ਨੂੰ ਅਲਗ ਕੌਮ ਦੇ ਰੂਪ ਵਿਚ ਮਾਨਤਾ ਦੇਣ ਦੀ ਮੰਗ ਦਾ ਡਟ ਕੇ ਵਿਰੋਧ ਕਰੇਗੀ। ਪਾਰਟੀ ਦੀ ਕੌਮੀ ਐਗਜ਼ੈਕਟਿਵ ਅਤੇ ਕੌਮੀ ਪ੍ਰੀਸ਼ਦ ਦੀਆਂ ਜੋ ਮੀਟਿੰਗਾਂ 23 ਅਤੇ 27 ਅਪਰੈਲ ਤਕ ਕੋਚੀਨ (ਕੇਰਲ) ਚ ਹੋ ਰਹੀਆਂ ਹਨ, ਉਨ੍ਹਾਂ ਵਿਚ ਇਸ ਵਿਸ਼ੇ ਤੇ ਗੰਭੀ-ਰਤਾ ਪੂਰਨ ਵਿਚਾਰ ਕੀਤਾ ਜਾਏਗਾ। ਸ੍ਰੀ ਸ਼ਰਮਾ ਨੇ ਅੱਜ ਇਥੇ ਇਕ ਬਿਆਨ ਵਿਚ ਜਾਮਾ ਮਸਜਿਦ ਦਿੱਲੀ ਦੇ ਇਮਾਮ ਸੱਯਦ ਅਬਦੁਲਾ ਬੁਖਾਰੀ ਵਲੋਂ 13 ਅਪਰੈਲ ਨੂੰ ਅਕਾਲੀ ਦਲ (ਤਲਵੰਡੀ) ਦੀ ਕਾਨਫਰੰਸ ਵਿਚ ਸ਼ਾਮਲ ਹੋਣ ਤੇ ਟਿਪਣੀ ਕਰਦੇ ਹੋਏ ਕਿਹਾ ਕਿ ਖਾਲਿਸ-ਤਾਨ ਅਤੇ ਸਿਖਾਂ ਨੂੰ ਅਲਗ ਕੌਮ ਮੰਨਣ ਦੀ ਮੰਗ ਦੇ ਪਿਛੇ ਕਟੜ ਫਿਰਕੂ ਤਾਕਤਾਂ ਦਾ ਹਥ ਹੋਣਾ ਸਿਧ ਹੋ ਗਿਆ ਹੈ।

ਬਾਕੀ ਸਫਾ 5 ਤੇ ਕਾਲਮ 5)

ਸੰਤ ਭਿੰਡਰਾਂ ਵਲੋਂ ਬਾਦਲ ਦੀਆਲੋਚਨਾ

ਮੁਕਤਸਰ, 15 ਅਪਰੈਲ—(ਦਰਦੀ) ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਸਾਬਕ ਮੁਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਉਹ ਇਖਲਾਕ ਪ੍ਰਸਤੀ ਅਤੇ ਤੰਗ ਦਿਲੀ ਵਿਚ ਫਸੇ ਹੋਏ ਹਨ। ਉਹਨਾ ਕਿਹਾ ਕਿ ਪੰਥ ਵਿਚ ਏਕਤਾ ਹੋਣੀ ਚਾਹੀਦੀ ਹੈ ਤੇ ਉਹ ਏਕਤਾ ਲਈ ਹਰ ਨੇਤਾ ਕੋਲ ਜਾਣਲਈ ਤਿਆਰ ਹਨ ਪਰ ਸ: ਬਾਦਲ ਤੇ ਉਮਰਾਨੰਗਲ ਕੋਲ ਨਹੀਂ ਜਾਣਗੇ।

ਲੁਧਿਆਣਾ 'ਚ 2 ਅੰਤਰ-ਰਾਜੀ ਗ੍ਰੋਹ ਕਾਬੂ

ਸਕੂਟਰ, ਬਿਜਲੀ ਦੀਆਂ ਮੋਟਰਾਂ ਤੇ ਹੋਰ ਸਮਾਨ ਬ੍ਰਾਮਦ

ਲੁਧਿਆਣਾ, 15 ਅਪਰੈਲ—(ਹ. ਸ) ਸਥਾਨਕ ਪੁਲਸ ਨੇ ਚੋਰਾਂ ਤੇ ਰਾਹਜ਼ਨਾਂ (ਲੁਟੇਰਿਆਂ) ਦੇ ਦੋ ਅੰਤਰ ਰਾਜੀ ਗਰੋਹਾਂ ਨੂੰ ਫੜਣ ਦਾ ਦਾਅਵਾ ਕੀਤਾ ਹੈ। ਫੜੇ ਗਏ ਚੋਰਾਂ ਵਿਚ ਇਕ ਗਰੋਹ ਵਿਚ ਡਕੈਤ ਦਾ ਰਘਬੀਰ ਸਿੰਘ ਤੇ ਦੂਜਾ ਗੜ੍ਹਸੰਕਰ ਦਾ ਦਰਬਾਰ ਸਿੰਘ ਵੀ ਸ਼ਾਮਲ ਹੈ। ਇਨ੍ਹਾਂ ਤੇ 19 ਚੋਰੀਆਂ ਤੇ ਦਰਜਨ ਤੋਂ ਵਧ ਰਾਹਜ਼ਨੀ ਘਟਨਾਵਾਂ ਦੇ ਦੋਸ਼ ਹਨ। ਇਹ ਜਾਣ-ਕਾਰੀ ਐਸ. ਐਸ.ਪੀ. ਚੌ: ਸੁਬੇ ਸਿੰਘ ਨੇ ਹਿੰਦੁਸਤਾਨ ਸਮਾਚਾਰ ਨੂੰ ਦਿਤੀ। ਉਨ੍ਹਾਂ ਦਸਿਆ ਕਿ ਇਸ ਗਰੋਹ ਦੇ ਲੋਕ ਸ਼ਰਾਬ ਦੇ ਠੇਕਿਆਂ ਵਿਚ ਸ਼ਰਾਬ ਲੈਣ ਦੇ ਬਹਾਨੇ ਅੰਦਰ ਚਲੇ ਜਾਂਦੇ ਹਨ, ਤੇ ਮੌਕਾ ਪਾ ਕੇ ਉਨ੍ਹਾਂ ਦੀ ਨਕਦੀ ਆਦਿ ਖੋਹਕੇ ਦੌੜ ਜਾਂਦੇ ਹਨ। ਚੌ. ਸੁਬੇ ਸਿੰਘ ਨੇ ਦਸਿਆ ਕਿ ਦੂਜਾ ਗਰੋਹ ਸੁਦੇਸ਼ ਤੇ ਸੋਹਣ ਲਾਲ ਦਾ ਹੈ ਜਿਨ੍ਹਾਂ ਦੇ ਕਬਜ਼ੇ ਵਿਚੋਂ ਚੋਰੀ ਦੇ 4 ਸਕੂਟਰ, 4 ਬਿਜਲੀ ਦੀਆਂ ਮੋਟਰਾਂ ਬਰਾਮਦ ਕੀਤੀਆਂ।

ਅਹਿਮਦਾਬਾਦ ਵਿਚ ਸਾੜਫੂਕ ਜਾਰੀ-ਕਈ ਥਾਂਵਾਂ ਤੇ ਪਥਰਾਓ

ਅਹਿਮਦਾਬਾਦ, 15 ਅਪ੍ਰੈਲ—(ਯੂ. ਐਨ. ਆਈ.) ਗੁਜਰਾਤ ਦੀ ਰਾਜ-ਧਾਨੀ ਦੇ ਵਖ ਵਖ ਭਾਗਾਂ ਵਿਚ ਅਜ ਤੜਕੇ ਤੇ ਦਿਨ ਵਿਚ ਪਥਰਾਓ ਦੀਆਂ ਘਟਨਾਵਾਂ ਹੋਈਆਂ। ਪੁਲਸ ਨੇ ਅਥਰੂ ਗੈਸ ਦੀ ਵਰਤੋਂ ਕੀਤੀ। ਪਿਛਲੀ ਰਾਤ ਵੀ ਲੁਟਮਾਰ ਤੇ ਸਾੜਫੂਕ ਦਾ ਬਾਜ਼ਾਰ ਗਰਮ ਰਿਹਾ ਅਤੇ ਪੁਲਿਸ ਨੇ ਮਫਰੀਆਂ ਹੋਈਆਂ ਭੀੜਾਂ ਨੂੰ ਖਿੰਡਾਉਣ ਲਈ ਅਥਰੂਗੈਸ ਛਡੀ। ਸ਼ਹਿਰ ਦੇ ਮੇਨ ਚੌਕ ਏਰੀਏ ਵਿਚ ਲਗਪਗ ਦੋ ਸੌ ਲੋਕਾਂ ਦੀ ਭੀੜ ਨੇ ਚਾਰ ਦੁਕਾਨਾਂ ਨੂੰ ਅਗ ਲਗਾ ਦਿਤੀ। ਲੋਕਾਂ ਨੇ ਪੁਲਸ ਤੇ ਭਾਰੀ ਪਥ-ਰਾਓ ਵੀ ਕੀਤਾ। ਜਵਾਬ ਵਿਚ ਪੁਲਸ ਨੇ ਲਾਠੀਚਾਰਜ ਕੀਤਾ ਅਤੇ ਅਥਰੂਗੈਸ ਦੀ ਵਰਤੋਂ ਕੀਤੀ। ਮਦਨ ਗੋਪਾਲ ਕੀ ਹਵੇਲੀ ਖੇਤਰ ਵਿਚ ਲੋਕਾਂ ਨੇ ਭਾਰੀ

(ਬਾਕੀ ਸਫਾ 5 ਕਾਲਮ 2)

ਅਜ਼ਾਦ ਕਸ਼ਮੀਰ ਵਿਚ ਫੌਜੀ ਮਹੱਤਵ ਦੀਆਂ ਸੜਕਾਂ ਦੀ ਤਿਆਰੀ—ਸ਼ਿਵਰਾਜਪਾਟਿਲ

"ਭਾਰਤ ਸਰਕਾਰ ਚੀਨੀ ਦੂਤ ਨਾਲ ਗਲ ਕਰੇਗੀ"

ਨਵੀਂ ਦਿਲੀ, 15 ਅਪਰੈਲ—(ਯੂ. ਐਨ. ਆਈ ਪੀ. ਟੀ. ਆਈ.)—ਰਖਿਆ ਰਾਜ ਮੰਤਰੀ ਸ੍ਰੀ ਸ਼ਿਵਰਾਜ ਪਾਟਿਲ ਨੇ ਅਜ ਲੋਕ ਸਭਾ ਵਿਚ ਕਿਹਾ ਕਿ 'ਅਜ਼ਾਦ ਕਸ਼ਮੀਰ ਦੇ ਸਰਹੱਦੀ ਖੇਤਰ ਵਿਚ ਚੀਨ ਤੇ ਪਾਕਿਸਤਾਨ ਵਲੋਂ ਕਰਾ-ਕੁਰਮ ਦੱਰੇ ਨੂੰ ਮਿਲਾਉਣ ਵਾਲੀ ਫੌਜੀ ਮਹੱਤਵ ਦੀ ਜਰਨੈਲੀ ਸੜਕ ਬਨਾਉਣ ਦਾ ਮਾਮਲਾ ਭਾਰਤ ਸਰਕਾਰ ਦਿਲੀ ਸਥਿਤ ਚੀਨੀ ਰਾਜਦੂਤ ਪਾਸ ਉਠਾਏਗੀ। ਸ੍ਰੀ ਪਾਟਿਲ ਨੇ ਕਿਹਾ ਕਿ ਇਹ ਸੜਕ 3-4 ਸਾਲ ਪਹਿਲਾਂ ਬਣਾਈ ਗਈ ਸੀ ਅਤੇ ਭਾਰਤ ਸਰਕਾਰ ਨੇ ਇਸ ਵਿਰੁਧ ਚੀਨ ਅਤੇ ਪਾਕਿਸਤਾਨ ਦੋਹਾਂ ਪਾਸ ਪ੍ਰੋਟੈਸਟ ਕੀਤਾ ਸੀ। ਉਹਨਾਂ ਕਿਹਾ ਕਿ ਸਰਕਾਰ ਨੂੰ ਉਸ ਖੇਤਰ ਵਿਚ ਹੋਰ ਸੜਕਾਂ ਬਨਾਉਣ ਸਬੰਧੀ ਵੀ ਪਤਾ ਹੈ। ਪਰ ਸਰ-ਕਾਰ ਨੂੰ ਇਸ ਗਲ ਦਾ ਪਤਾ ਨਹੀਂ ਕਿ ਕਰਾਕੁਰਮ ਸੜਕ ਨੂੰ ਮਿਲਾਉਣ ਵਾਲੀਆਂ ਇਹਨਾਂ ਸੜਕਾਂ ਦੀ ਉਸਾਰੀ ਵਿਚ ਚੀਨ ਪਾਕਿਸਤਾਨ ਦੀ ਮਦਦ ਕਰ ਰਿਹਾ ਹੈ। ਸ੍ਰੀ ਪਾਟਿਲ ਨੇ ਇਹ ਮੰਨਿਆ ਕਿ ਫੌਜੀ ਮਹੱਤਵ ਦੀਆਂ ਇਹਨਾਂ ਸੜਕਾਂ ਦੀ ਉਸਾਰੀ ਦੀ ਭਾਰਤ ਸਰਕਾਰ ਅਣ-ਦੇਖੀ ਨਹੀਂ ਕਰ ਸਕਦੀ ਕਿਉਂਕਿ ਇਨ੍ਹਾਂ ਦਾ ਸਿਧਾ ਸਬੰਧ ਭਾਰਤ ਦੀ ਸੁਰਖਿਆ ਨਾਲ ਹੈ। ਉਹਨਾ ਕਿਹਾ ਕਿ ਸਰਕਾਰ ਇਹਨਾਂ ਸਰਗਰਮੀਆਂ ਤੇ ਕਰੜੀ ਨਜ਼ਰ ਰਖ ਰਹੀ ਹੈ। ਸ੍ਰੀ ਪਾਟਿਲ ਨੇ ਕਿਹਾ ਕਿ ਜੇ ਕਰਾਕੁਰਮ ਸੜਕ ਨੂੰ ਵਧਾਉਣ ਦੇ ਮਾਮਲੇ ਵਿਚ ਚੀਨ ਦੇ ਸ਼ਾਮਿਲ ਹੋਣ ਦਾ ਪਤਾ ਲਗਾ ਤਾਂ ਸਰਕਾਰ ਢੁਕਵੀਂ ਕਾਰ-ਵਾਈ ਕਰੇਗੀ ਅਤੇ ਸਬੰਧਤ ਸਰਕਾਰਾਂ ਪਾਸ ਪ੍ਰੋਟੈਸਟ ਕਰੇਗੀ ਤੇ ਰਖਿਆ ਦੀਆਂ ਤਿਆਰੀਆਂ ਸਮੇਂ ਉਪਰੋਕਤ ਸਰਗਰ-ਮੀਆਂ ਨੂੰ ਸਾਹਮਣੇ ਰਖੇਗੀ।

—ਫਗਵਾੜਾ ਲਾਗੇ ਸਕੂਟਰ ਰਿਕਸ਼ਾ ਟੱਕਰ—1 ਆਦਮੀ ਮਾਮੂਲੀ ਫੱਟੜ।

ਨਾਭਾ ਚ ਡਾਕੂਆਂ ਦਾ ਹਮਲਾ_ਫਾਇਰ ਕੀਤੇ

ਦੁਕਾਨਦਾਰ ਤੋਂ ਥੈਲੇ ਖੋਹਣ ਦਾ ਯਤਨ—ਇਕ ਕਾਬੂ

ਨਾਭਾ, 15 ਅਪਰੈਲ—ਪਿਛਲੇ ਦਿਨ ਇਥੇ ਰੋਣਕ ਵਾਲੇ ਬਾਜ਼ਾਰ ਵਿਚ ਰਾਤ ਸਮੇਂ ਰਿਵਾਲਵਰਾਂ ਨਾਲ ਲੈਸ 5 ਡਾਕੂਆਂ ਨੇ ਇਕ ਦੁਕਾਨ ਦੇ ਅੰਦਰ ਦਾਖਲ ਹੋਕੇ ਵਪਾਰੀ ਪਾਸੋਂ ਨਕਦੀ ਵਾਲਾ ਥੈਲਾ ਖੋਹਣ ਦਾ ਯਤਨ ਕੀਤਾ ਤੇ ਫਾਇਰ ਕੀਤੇ। ਡਾਕੂ ਦੇ ਫਾਇਰ ਨਾਲ ਦੁਕਾਨਦਾਰ ਦਾ ਲੜਕਾ ਫਟੜ ਹੋ ਗਿਆ ਦੁਕਾਨਦਾਰ ਤੇ ਉਸਦੇ ਲੜਕੇ ਨੇ ਡਾਕੂਆਂ ਦਾ ਮੁਕਾਬਲਾ ਕੀਤਾ ਤੇ ਡਾਕੂ ਥੈਲੀ ਨਾ ਖੋਹ ਸਕੇ। ਇਸ ਦੌਰਾਨ ਰੌਲਾ ਸੁਣਕੇ ਲੋਕ ਇਕਠੇ ਹੋ ਗਏ ਜਿਸ ਤੇ ਡਾਕੂ ਹਵਾਈ ਫਾਇਰ ਕਰਦੇ ਹੋਏ ਇਕ ਹਨੇਰੀ ਗਲੀ ਵਿਚ ਨਸ ਗਏ ਪਰ ਲੋਕਾਂ ਨੇ ਪਿਛਾ ਕਰਕੇ ਇਕ ਡਾਕੂ ਪ੍ਰਭੂ ਦਿਆਲ ਨੂੰ ਫੜ ਲਿਆ। ਬਾਕੀ 4 ਡਾਕੂ ਨਸ ਗਏ।

ਖ਼ਾਲਿਸਤਾਨ ਦੀ ਮੰਗ ਕਰਨਵਾਲਿਆਂ ਦੀਆਂ ਗ੍ਰਿਫ਼ਤਾਰੀਆਂ ਛੇਤੀ-ਇੰਦ੍ਰਾ ਵਲੋਂ ਪ੍ਰਵਾਨਗੀ

ਨਵੀਂ ਦਿਲੀ, 15 ਅਪ੍ਰੈਲ—(ਯੂ. ਐਨ. ਆਈ.) ਪੰਜਾਬ ਸਰਕਾਰ ਵਲੋਂ ਖਾਲਸਤਾਨ ਦੀ ਮੰਗ ਕਰਨ ਵਾਲੇ ਅਕਾਲੀ ਗੁਟ ਦੇ ਲੀਡਰਾਂ ਨੂੰ ਗ੍ਰਿਫਤਾਰ ਕਰ ਲਏ ਜਾਣ ਦੀ ਸੰਭਾਵਨਾ ਹੈ। ਇਹ ਪ੍ਰਗਟਾਵਾ ਅਜ ਇਥੋਂ ਦੇ ਜਾਣਕਾਰ ਹਲ-ਕਿਆਂ ਨੇ ਕੀਤਾ। ਦਸਿਆ ਗਿਆ ਹੈ ਕਿ ਮੁਖ ਮੰਤਰੀ ਸ: ਦਰਬਾਰਾ ਸਿੰਘ ਨੇ ਹੁਣੇ ਜਿਹੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨਾਲ ਮੀਟਿੰਗ ਕਰਕੇ ਉਹਨਾਂ ਨੇ ਅਤਿਵਾਦੀ ਅਕਾਲੀਆਂ ਦੀਆਂ ਸਰਗਰਮੀਆਂ ਤੋਂ ਜਾਣੂ ਕਰਾਇਆ ਜਿਹੜੇ ਇਸ ਮੰਗ ਦੇ ਪਿਛੇ ਹਨ। ਸਮ-ਝਿਆ ਜਾਂਦਾ ਹੈ ਕਿ ਸ੍ਰੀਮਤੀ ਗਾਂਧੀ ਨੇ ਸ: ਦਰਬਾਰਾ ਸਿੰਘ ਨੂੰ ਖਾਲਸਤਾਨ ਹਾਮੀਆਂ ਨਾਲ ਸਖਤੀ ਨਾਲ ਨਿਪਟਣ ਲਈ ਹਰੀ ਝੰਡੀ ਦੇ ਦਿਤੀ ਹੈ ਤਾਂ ਜੋ ਲਹਿਰ ਨੂੰ ਹੋਰ ਫੈਲਣ ਤੋਂ ਰੋਕਿਆ ਜਾ ਸਕੇ। ਚੇਤੇ ਰਹੇ ਕਿ ਮੁਖ ਮੰਤਰੀ ਨੇ ਖੁਲੇ ਤੌਰ ਤੇ ਐਲਾਨ ਕੀਤਾ ਸੀ ਕਿ ਖਾਲਸਤਾਨ ਦੀ ਮੰਗ ਕਰ ਰਹੇ ਅਕਾਲੀਆਂ ਵਿਰੁਧ ਕੌਮੀ ਸੁਰਖਿਆ ਐਕਟ ਦੀ ਵਰਤੋਂ ਕੀਤੀ ਜਾਏਗੀ।

ਘਿਓ ਦੇਭਾਅ ਤੇਜ਼ ਨਹੀਂ ਹੋਣਗੇ

ਘਿਓ ਮਿਲਾਂ ਲੋੜੀਂਦੀ ਮਾਤਰਾ ਚ ਘਿਓ ਦੇਣਗੀਆਂ

ਨਵੀਂ ਦਿਲੀ, 15 ਅਪਰੈਲ—ਸਿਵਲ ਸਪਲਾਈ ਬਾਰੇ ਮੰਤਰੀ ਸ੍ਰੀ ਰਾਓ ਬੀਰੇਂਦਰ ਸਿੰਘ ਨੇ ਅਜ ਲੋਕ ਸਭਾ ਵਿਚ ਦਸਿਆ ਕਿ ਬਨਾਸਪਤੀ ਉਤਪਾਦਕ ਇਸ ਗਲ ਤੇ ਸਹਿਮਤ ਹੋ ਗਏ ਹਨ ਕਿ ਉਹ ਆਪਣੇ ਆਪ ਘਿਓ ਦੇ ਮੁਲ ਤੇ ਕੰਟਰੋਲ ਰਖਣਗੇ ਅਤੇ ਘਿਓ ਦਾ ਟੀਨ 192 ਰੁਪੈ ਤੋਂ ਵਧ ਮੁਲ ਉਤੇ ਨਹੀਂ ਵੇਚਿਆ ਜਾਵੇਗਾ। ਵਰਤਮਾਨ ਵਿਵਸਥਾ 31 ਅਕਤੂਬਰ 1981 ਤਕ ਜਾਰੀ ਰਹੇਗੀ। ਉਹਨਾ ਦਸਿਆ ਕਿ ਕੀਮਤਾਂ ਸਥਿਰ ਰਖਣ ਲਈ ਘਿਓ ਉਤਪਾਦਕਾਂ ਨਾਲ ਕਈ ਮੀਟਿੰਗਾਂ ਹੋਈਆਂ ਹਨ। ਘਿਓ ਦੇ ਛੋਟੇ ਡਬਿਆਂ ਦਾ ਭਾਅ ਵੀ ਦੁਬਾਰਾ ਮਿਥਿਆ ਜਾਵੇਗਾ ਇਸ ਨਾਲ ਖਪਤਕਾਰਾਂ ਦੇ ਹਿਤਾਂ ਦੀ ਰਖਿਆ ਹੋਵੇਗੀ। ਘਿਓ ਸਨਅਤਾਂ ਨੂੰ ਕਿਹਾ ਗਿਆ ਹੈ ਕਿ ਉਹ ਲੋੜੀਂਦੀ ਮਾਤਰਾ ਵਿਚ ਘਿਓ ਤਿਆਰ ਕਰਨ ਤਾਂ ਜੋ ਘਿਓ ਦੀ ਕੋਈ ਕਮੀ ਨਾ ਆਵੇ। ਬਨਾਸਪਤੀ ਸਨਅਤ ਨੂੰ ਆਯਾਤ ਸ਼ੁਦਾ ਤੇਲ ਸਪਲਾਈ ਕੀਤਾ ਜਾਵੇਗਾ। ਉਹਨਾ ਦਸਿਆ ਕਿ ਸਰਕਾਰ ਸਥਿਤੀ ਉਤੇ ਪੂਰੀ ਨਜ਼ਰ ਰਖ ਰਹੀ ਅਤੇ ਸਮੇਂ ਸਿਰ ਰਾਜ ਸਰਕਾਰਾਂ ਨੂੰ ਵੀ ਜ਼ਰੂਰੀ ਹਦਾ-ਇਤਾਂ ਦਿਤੀਆਂ ਜਾਣਗੀਆਂ।

ਪੰਜਾਬ ਸੀ. ਪੀ. ਆਈ. ਦੋਫਾੜ ਹੋਣੀ ਸੰਭਵ

ਰਾਜ ਪ੍ਰੀਸ਼ਦ ਦੀ 22,23,24 ਅਪਰੈਲ ਨੂੰ ਮੀਟਿੰਗ

ਚੰਡੀਗੜ੍ਹ, 15 ਅਪਰੈਲ—(ਹਿ.ਸ.) ਭਾਰਤੀ ਕਮਿਊਨਿਸਟ ਪਾਰਟੀ ਦੇ ਸੰਸਥਾਪਕ ਨੇਤਾ ਸ੍ਰੀ ਐਸ. ਏ. ਡਾਂਗੇ ਨੂੰ ਪਾਰਟੀ ਦੀ ਕੌਮੀ ਪ੍ਰੀਸ਼ਦ ਵਿਚੋਂ ਕਢੇ ਜਾਣ ਦੇ ਬਾਅਦ ਪੰਜਾਬ ਵਿਚ ਪਾਰਟੀ ਅਤੇ ਉਸ ਨਾਲ ਸਬੰਧਤ ਮਜ਼ਦੂਰ ਸੰਗ-ਠਨਾਂ ਦੇ ਦੋਫਾੜ ਹੋਣ ਦਾ ਖਤਰਾ ਪੈਦਾ ਹੋ ਗਿਆ ਹੈ। ਪਾਰਟੀ ਦੇ ਇਕ ਪੁਰਾਣੇ ਵਿਧਾਇਕ ਕਾ: ਬਲਦੇਵ ਸਿੰਘ ਲੁੰਬਾ ਨੇ ਪਾਰਟੀ ਤੋਂ ਤਿਆਗ ਪੱਤਰ ਦੇ ਕੇ ਸ੍ਰੀਮਤੀ ਰੋਜ਼ਾ ਦੇਸ਼ ਪਾਂਡੇ ਦੀ ਨਵੀਂ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਕੁਝ ਹੋਰ ਵਰਕਰਾਂ ਵਲੋਂ ਜੋ ਕਿ ਇਸ ਪਾਰਟੀ ਅਤੇ ਅਕਾਲੀ ਦਲ ਵਲੋਂ ਬਣਾਏ ਗਏ ਵਿਰੋਧੀ ਮੋਰਚੇ ਦੇ ਵਿਰੋਧੀ ਹਨ, ਪਾਰਟੀ ਛਡਣ ਦੀ ਸੰਭਾਵਨਾ ਹੈ ਹਾਲਾਂ ਕਿ ਉਹਨਾ ਦੀ ਸੰਖਿਆ ਬਹੁਤ ਜ਼ਿਆਦਾ ਨਹੀਂ ਹੋਵੇਗੀ। ਇਸੇ ਦੌਰਾਨ ਪਤਾ ਲਗਾ ਹੈ ਕਿ ਪਾਰਟੀ ਦੀ ਵਰਤਮਾਨ ਨਾਜ਼ਕ ਸਥਿਤੀ ਤੇ ਵਿਚਾਰ ਕਰਨ ਲਈ 22 ਤੋਂ 24 ਅਪ੍ਰੈਲ ਤਕ ਰਾਜਪ੍ਰੀਸ਼ਦ ਦੀ ਮੀਟਿੰਗ ਇਥੇ ਬੁਲਾਈ ਗਈ ਹੈ। ਪਾਰਟੀ ਦੇ ਜ਼ਿਲਾ ਯੂਨਿਟਾਂ ਨੂੰ ਕਮੇਟੀ ਦੇ ਮੈਂਬਰਾਂ ਦੇ ਨਾਂ ਤੇ ਮੁੜ ਵਿਚਾਰ ਕਰਨ ਲਈ ਕਿਹਾ ਗਿਆ ਹੈ ਤਾਂ ਜੋ ਪਤਾ ਚਲ ਸਕੇ ਕਿ ਕੌਣ ਕੌਣ ਲੋਕ ਸੱਚੇ ਹਨ।

ਫਿਲਮੀ ਵਰਕਰਾਂ ਦਾ ਅੰਦੋਲਨ ਜਾਰੀ

ਸ਼ੰਗੀ ਲਾਲ ਦੇ ਵਜ਼ਨ ਚ ਕਮੀ

ਜਲੰਧਰ, 15 ਅਪਰੈਲ—ਫਿਲਮ ਟਰੇਡ ਵਰਕਰ ਯੂਨੀਅਨ ਵਲੋਂ ਆਪ-ਣੀਆਂ ਮੰਗਾਂ ਦੇ ਹਕ ਵਿਚ ਸੰਘਰਸ਼ ਜਾਰੀ ਹੈ। ਸ੍ਰੀ ਸ਼ੰਗੀ ਲਾਲ ਵਲੋਂ ਰਖੇ ਗਏ ਵਰਤ ਦਾ ਅਜ 6 ਵਾਂ ਦਿਨ ਸੀ। ਉਹਨਾਂ ਦੇ ਵਜ਼ਨ ਵਿਚ ਤਿੰਨ ਕਿਲੋਗਰਾਮ ਦੀ ਕਮੀ ਹੋ ਗਈ ਹੈ। ਅਜ ਰਿਕਸ਼ਾ ਯੂਨੀਅਨ ਦੇ ਵਰਕਰਾਂ ਨੇ ਫਿਲਮੀ ਵਰਕਰਾਂ ਨਾਲ ਮਿਲਕੇ ਰੈਲੀ ਕੀਤੀ। ਪਿਛਲੀ ਰਾਤ ਐਕਸ਼ਨ ਕਮੇਟੀ ਦੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਜੇ 20 ਅਪਰੈਲ ਤਕ ਮੰਗਾਂ ਨਾ ਮੰਨੀਆਂ ਗਈਆਂ ਤਾਂ ਸਖਤ ਕਦਮ ਚੁਕਿਆ ਜਾਵੇਗਾ।

1 ਕਰੋੜ ਕਿਸਾਨ ਜੇਲ੍ਹਾਂ ਭਰਨਗੇ-ਦੇਵੀ ਲਾਲ

ਕਣਕ ਦਾ ਭਾਅ 165 ਰੁਪੈ ਮਿਥੋ-ਲੋਕ ਸਭਾ 'ਚ ਮੰਗ

ਨਵੀਂ ਦਿਲੀ, 15 ਅਪਰੈਲ—(ਪੀ. ਟੀ. ਆਈ.) ਲੋਕ ਦਲ ਲੀਡਰ ਸ੍ਰੀ ਦੇਵੀ ਲਾਲ ਨੇ ਅਜ ਲੋਕ ਸਭਾ ਵਿਚ ਸਰਕਾਰ ਨੂੰ ਚਿਤਾਵਨੀ ਦਿਤੀ ਕਿ ਜੇਕਰ ਉਸਨੇ ਕਿਸਾਨਾਂ ਦੀਆਂ ਉਚਿਤ ਮੰਗਾਂ ਨੂੰ ਅਖੋਂ ਓਹਲੇ ਕੀਤਾ ਤਾਂ ਉਹ ਸਰਕਾਰ ਦੇ ਵਿਰੁਧ ਹੋ ਜਾਣਗੇ। ਖੇਤੀ ਬਾੜੀ ਮੰਤਰਾਲੇ ਦੀਆਂ ਮੰਗਾਂ ਉਤੇ ਦੁਬਾਰਾ ਸ਼ੁਰੂ ਹੋਈ ਬਹਿਸ ਵਿਚ ਭਾਗ ਲੈਂਦਿਆਂ ਉਹਨਾਂ ਕਿਹਾ ਕਿ ਕਿਸਾਨ ਹੁਣ ਕਿਸੇ ਇਕ ਪਾਰਟੀ ਦੀ ਮਨਾਪਲੀ ਨਹੀਂ ਰਹੇ। ਉਹ ਹੁਣ ਆਪਣੇ ਹੱਕਾਂ ਬਾਰੇ ਜਾਗਰੂਕ ਹਨ ਅਤੇ ਉਹਨਾਂ ਨੂੰ ਪਤਾ ਹੈ ਕਿ ਉਹਨਾਂ ਦੇ ਮਿਤਰ ਕੌਣ ਹਨ। ਰਾਜਧਾਨੀ ਵਿਚ ਕਿਸਾਨ-ਰੈਲੀਆਂ ਦੀ ਚਰਚਾ ਕਰਦਿਆਂ ਉਹਨਾਂ ਕਿਹਾ ਇਸ ਗਲ ਤੋਂ ਪ੍ਰਗਟ ਹੈ ਕਿ ਕਿਸਾਨ ਜਾਗਰੂਕ ਹਨ। ਲੋਕ ਦਲ ਦੇ ਲੀਡਰ ਨੇ ਕਣਕ ਲਈ 165 ਰੁਪੈ ਕੁਇੰਟਲ ਦੇ ਭਾਅ ਦੀ ਮੰਗ ਕੀਤੀ। ਉਹਨਾ ਚਿਤਾਵਨੀ ਦਿਤੀ ਹੈ ਕਿ ਜੇਕਰ ਕਿਸਾਨਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਇਕ ਕਰੋੜ ਕਿਸਾਨ ਜੇਹਲਾ ਭਰ ਦੇਣਗੇ। ਸ੍ਰੀ ਮੋਹਨ ਲਾਲ ਪਟੇਲ (ਕਾਂਗਰਸ-ਆਈ-ਗੁਜਰਾਤ) ਨੇ ਖੇਤੀਬਾੜੀ ਮੁਲ ਕਮਿਸ਼ਨ ਦਾ ਪੁਨਰਗਠਨ ਕਰਕੇ ਉਸ ਵਿਚ ਅਸਲ ਕਿਸਾਨਾਂ ਨੂੰ ਨੁਮਾਇੰਦਗੀ ਦੇਣ ਦਾ ਸੁਝਾਅ ਦਿਤਾ। ਸ੍ਰੀਮਤੀ ਗੁਰਬਿੰਦਰ ਕੌਰ ਬਰਾੜ (ਕਾਂਗਰਸ-ਆਈ) ਨੇ ਰਾਵੀ-ਬਿਆਸ ਲਿੰਕ ਛੇਤੀ ਉਸਾਰ ਜਾਣ ਦੀ ਲੋੜ ਤੇ ਜ਼ੋਰ ਦਿਤਾ ਤਾਂ ਜੋ ਪਾਕਿਸਤਾਨ ਨੂੰ ਪਾਣੀ ਜਾਣੋਂ ਰੋਕਿਆ ਜਾ ਸਕੇ। ਉਹਨਾਂ ਕਣਕ ਅਤੇ ਚੌਲਾਂ ਦੇ ਇਲਾਵਾ ਹੋਰ ਜਿਨਸਾਂ ਲਈ ਸਹਾਇਕ ਮੁਲ ਮਿਥੇ ਜਾਣ ਦੀ ਮੰਗ ਕੀਤੀ ਹੈ।

ਲੋਕ ਸਭਾ ਚ 'ਖਾਲਿਸਤਾਨ' ਦੀ ਗੂੰਜ-ਮਾਮਲਾ ਉਠਾਣ ਦੇਯਤਨ ਫੇਲ੍ਹ

ਮੈਂਬਰਾਂ ਵਲੋਂ ਕਈ ਹੋਰ ਮਾਮਲੇ ਉਠਾਏ ਗਏ ਸਪੀਕਰ ਨੇ ਬਹਿਸ ਦੀ ਆਗਿਆ ਨਾ ਦਿਤੀ

ਨਵੀਂ ਦਿਲੀ, 15 ਅਪਰੈਲ—(ਹ.ਸ.) ਲੋਕ ਸਭਾ ਦੇ ਸਪੀਕਰ ਸ੍ਰੀ ਬਲਰਾਮ ਜਾਖੜ ਨੇ ਅਜ ਇਥੇ ਕਿਹਾ ਕਿ ਖਾਲਿਸਤਾਨ ਜਾਂ ਸਿਖਿਸਤਾਨ ਵਰਗੀਆਂ ਲਹਿਰਾਂ ਨੂੰ ਸ਼ੁਰੂ ਵਿਚ ਹੀ ਕੁਚਲ ਦੇਣਾਚਾਹੀਦਾ ਹੈ ਕਿਉਂਕਿ ਇਹ ਕੌਮੀ ਹਿਤਾਂ ਦੇ ਵਿਰੁਧ ਹਨ। ਸ੍ਰੀ ਜਾਖੜ ਨੇ ਇਹ ਗਲ ਲੋਕ ਸਭਾ ਵਿਚ ਉਸ ਸਮੇਂ ਕਹੀ ਜਦ ਸੋਸ਼ਲਿਸਟ ਪਾਰਟੀ ਦੇ ਸ੍ਰੀ ਮਨੀ ਰਾਮ ਬਾਗੜੀ ਖਾਲਿਸਤਾਨ ਬਨਾਣ ਦੀ ਮੰਗ ਵਲ ਉਹਨਾਂ ਦਾ ਧਿਆਨ ਦੁਆ ਰਹੇ ਸਨ। ਉਹਨਾਂ ਨੇ ਸ੍ਰੀ ਬਾਗੜੀ ਨੂੰ ਮਾਮਲਾ ਉਠਾਉਣ ਦੀ ਆਗਿਆ ਨਾ ਦਿਤੀ। ਉਹਨਾਂ ਕਿਹਾ ਕਿ ਮੈਂ ਇਸ ਪ੍ਰਸ਼ਨ ਤੇ ਹਾਊਸ ਵਿਚ ਬਹਿਸ ਕਰਾਉਣ ਲਈ ਤਿਆਰ ਹਾਂ ਪਰ ਇਹ ਮਾਮਲਾ ਸੁਚਜੇ ਢੰਗ ਨਾਲ ਇਥੇ ਲਿਆਂਦਾ ਜਾਣਾ ਚਾਹੀਦਾ ਹੈ। ਲੋਕ ਸਭਾ ਵਿਚ ਅਜ ਕੁਝ ਅਪੋਜ਼ੀਸ਼ਨ ਮੈਂਬਰਾਂ ਨੇ ਬਰਤਾਨੀਆ ਵਿਚ ਭਾਰ-ਤੀਆਂ ਨਾਲ ਕੀਤੇ ਜਾ ਰਹੇ ਵਿਤਕਰੇ ਦਾ ਮਾਮਲਾ ਉਠਾਉਣਾ ਚਾਹਿਆ ਪਰ ਸਪੀਕਰ ਨੇ ਇਸ ਦੀ ਆਗਿਆ ਨਹੀਂ ਦਿਤੀ। 'ਜ਼ੀਰੋ ਆਵਰ' ਦੇ ਅਰੰਭ ਹੁੰਦਿਆਂ ਹੀ ਕੁਝ ਉਤੇਜਤ ਮੈਂਬਰਾਂ ਨੇ ਅਜ ਬ੍ਰਿਟਿਸ਼ ਪਰਧਾਨ ਮੰਤਰੀ ਸ੍ਰੀਮਤੀ ਥੈਚਰ ਦੇ ਨਵੀਂ ਦਿਲੀ ਪੁਜਣ ਦਾ ਜ਼ਿਕਰ ਕੀਤਾ ਅਤੇ ਮੰਗ ਕੀਤੀ ਕਿ ਬਰਤਾਨੀਆ ਵਿਚ ਭਾਰਤੀਆਂ ਵਿਰੁਧ ਹੋ ਰਹੇ ਵਿਤਕਰੇ ਦੇ ਮਾਮਲੇ ਤੇ ਲੋਕ ਸਭਾ ਵਿਚ ਵਿਚਾਰ ਵਟਾਂਦਰਾ ਕੀਤਾ ਜਾਵੇ ਪਰ ਸਪੀਕਰ ਨੇ ਸਖਤੀ ਨਾਲ ਤੁਰੰਤ ਇਹ ਮੰਗ ਮੰਨਣ ਤੋਂ ਨਾਂਹ ਕਰ ਦਿਤੀ। ਕਮਿਊਨਿਸਟ ਮੈਂਬਰ ਸ੍ਰੀ ਸ਼ਾਸਤਰੀ ਨੇ ਕਿਹਾ ਕਿ ਸ੍ਰੀਮਤੀ ਥੈਚਰ ਦਾ ਸਾਡੇ ਪ੍ਰਤੀ ਰਵਈਆ ਦੁਸ਼ਮਣੀ ਵਾਲਾ ਹੈ। ਸਪੀਕਰ ਨੇ 'ਅਸੀਂ ਉਨ੍ਹਾਂ ਨਾਲ ਗਲ ਕਰ ਰਹੇ ਹਾਂ' ਆਖ ਕੇ ਇਸ ਮਾਮਲੇ ਤੇ ਵਿਚਾਰ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿਤਾ। ਕੁਝ ਜੀਵਨ ਬੀਮਾ ਕਰਮਚਾਰੀਆਂ ਨੂੰ ਬੋਨਸ ਦੇਣ ਸਬੰਧੀ ਸੁਪਰੀਮ ਕੋਰਟ ਦੇ ਅਜ ਦੇ ਫੈਸਲੇ ਤੇ ਵਿਚਾਰ ਕਰਨ ਤੇ ਕੁਝ ਹੋਰ ਮੈਂਬਰਾਂ ਨੇ ਪਛਮੀ ਬੰਗਾਲ ਵਿਚ ਅਗਲੇ ਮਹੀਨੇ ਹੋਣ ਵਾਲੀਆਂ ਜ਼ਿਮਨੀ ਚੋਣਾਂ ਮੁਲਤਵੀ ਕਰਨ ਦਾ ਮਾਮਲਾ ਉਠਾਉਣਾ ਚਾਹਿਆ ਪਰ ਸਪੀਕਰ ਨੇ ਇਸ ਦੀ ਵੀ ਆਗਿਆ ਨਹੀਂ ਦਿਤੀ। ਬਨਾਸਪਤੀ ਘਿਓ ਦੀਆਂ ਕੀਮਤਾਂ ਚ ਵਾਧਾ ਹੋਣ ਸਬੰਧੀ ਬਹਿਸ ਕਰਨ ਦਾ ਵੀ ਨਾਕਾਮ ਯਤਨ ਕੀਤਾ ਗਿਆ।

ਇਰਾਕ ਅਤੇ ਆਬੂਧਾਬੀ

ਦੀ ਇਕ ਮਸ਼ਹੂਰ ਕੰਪਨੀ ਲਈ ਹੇਠ ਲਿਖੇ ਕਾਰੀਗਰਾਂ ਦੀ ਸਖ਼ਤ **ਜ਼ਰੂਰਤ ਹੈ।**

1. ਕਾਰਪੈਂਟਰਜ਼ 2 ਮੇਸਨ 3. ਬਾਰ-ਬੈਂਡਰਜ਼
4. ਅਰਥ ਮੂਵਿੰਗ ਆਪਰੇਟਰਜ਼ 5. ਹੈਵੀ ਡਿਊਟੀ ਡਰਾਈਵਰਜ਼
6. ਪਲੰਬਰਜ਼ 7. ਲੈਂਡ ਸਰਵੇਅਰਜ਼ 8. ਹੈਲਪਰਜ਼

ਜਾਣ ਦੇ ਚਾਹਵਾਨ ਸਜਣ ਆਪਣੇ ਪਾਸਪੋਰਟ ਅਤੇ ਜ਼ਰੂਰੀ ਕਾਗਜ਼ਾਤ ਲੈ ਕੇ ਸਾਡੇ ਦਫ਼ਤਰ ਮਿਲੋ। ਇੰਟਰਵਿਊ 16 ਤੇ 17 ਅਪ੍ਰੈਲ ਨੂੰ ਜਗਰਾਓਂ ਵਿਖੇ ਹੋਵੇਗੀ।

ਖੇਰਾ ਟੂਰ ਐਂਡ ਟਰੈਵਲਜ਼

1. ਤਹਿਸੀਲ ਰੋਡ, ਸਾਹਮਣੇ ਹਾਇਰ ਸੈਕੰਡਰੀ ਸਕੂਲ, ਜਗਰਾਓਂ ਜ਼ਿਲਾ ਲੁਧਿਆਣਾ ☎ ਨੰ: 614
2, ਰੇਲਵੇ ਰੋਡ, ਮੁਕਤਸਰ (ਫ਼ਰੀਦਕੋਟ)
ਸਾਹਮਣੇ ਨਵਾਂ ਬਸ ਸਟੈਂਡ ਖੰਨਾ (ਲੁਧਿਆਣਾ)

ਇਸ਼ਤਿਹਾਰ

1. ਮਾਰਕਿਟ ਕਮੇਟੀ, ਜੈਤੋ ਵਲੋਂ ਕੁਝ ਆਕਸ਼ਨ ਰਿਕਾਰਡਰ/ਕਲਰਕ, ਬਿਲਕੁਲ ਆਰਜ਼ੀ/ਐਡਹਾਕ ਬੇਸਜ਼/ਸੀਜ਼ਨਲ/ਰੈਗੂਲਰ ਰਖੇ ਜਾਣੇ ਹਨ। ਜਿਹਨਾਂ ਲਈ ਘਟੋ ਘਟ ਦਸਵੀਂ ਪਾਸ, ਜੋ ਕਿ ਦਸਵੀਂ ਤਕ ਪੰਜਾਬੀ ਪਾਸ ਹੋਣ, ਚਾਹਵਾਨ ਉਮੀਦਵਾਰਾਂ ਪਾਸੋਂ ਬਿਨੈ ਪੱਤਰਕਾਵਾਂ ਮੰਗੀਆਂ ਜਾਂਦੀਆਂ ਹਨ।

2. ਮਾਰਕਿਟ ਕਮੇਟੀ, ਜੈਤੋ ਨੇ ਕੁਝ ਸੀਜ਼ਨਲ ਫਰਾਸ-ਕਮ-ਚੌਕੀਦਾਰ ਬਿਲਕਲ ਆਰਜ਼ੀ ਤੌਰ ਤੇ ਰਖਣੇ ਹਨ। ਜਿਹਨਾਂ ਲਈ ਚਾਹਵਾਨ ਉਮੀਦਵਾਰ ਪਾਸੋਂ ਵੀ ਬਿਨੈ ਪੱਤਰਕਾਵਾਂ ਮੰਗੀਆਂ ਜਾਂਦੀਆਂ ਹਨ।

ਉਮੀਦਵਾਰਾਂ ਦੀ ਉਮਰ ਦੀ ਹੱਦ ਪੰਜਾਬ ਸਰਕਾਰ ਵਲੋਂ ਨਿਸਚਿਤ ਕੀਤੇ ਅਨੁਸਾਰ ਹੋਣੀ ਲਾਜ਼ਮੀ ਹੈ। ਚੁਣੇ ਗਏ ਉਮੀਦਵਾਰ ਨੂੰ ਮੰਡੀ ਬੋਰਡ ਵਲੋਂ ਨੀਯਤ ਤਨਖਾਹ ਅਤੇ ਭੱਤੇ ਦਿਤੇ ਜਾਣਗੇ।

ਉਪਰੋਕਤ ਆਸਾਮੀਆਂ ਲਈ ਮੰਗੀਆਂ ਗਈਆਂ ਅਰਜ਼ੀਆਂ ਦਫ਼ਤਰ ਮਾਰਕਿਟ ਕਮੇਟੀ, ਜੈਤੋ ਵਿਖੇ ਮਿਤੀ 21-4-81 ਸ਼ਾਮ ਦੇ 4-00 ਵਜੇ ਤਕ ਹਰ ਹਾਲਤ ਵਿਚ ਪੁਜ ਜਾਣੀਆਂ ਚਾਹੀਦੀਆਂ ਹਨ ਤੇ ਇਹਨਾਂ ਲਈ ਇੰਟਰਵਿਊ ਮਿਤੀ 23-4-81 ਨੂੰ ਸਵੇਰੇ 10 ਵਜੇ ਦਫ਼ਤਰ ਮਾਰਕਿਟ ਕਮੇਟੀ ਵਿਖੇ ਹੋਵੇਗੀ।

ਪ੍ਰਬੰਧਕ,
ਮਾਰਕਿਟ ਕਮੇਟੀ, ਜੈਤੋ।

ਪੰਜਾਬ ਹੋਮ ਗਾਰਡਜ਼ ਐਂਡ ਸਿਵਲ ਡਿਫੈਂਸ ਪੰਜਾਬ ਵਿਭਾਗ

ਡਾਇਰੈਕਟਰ ਜਨਰਲ, ਹੋਮ ਗਾਰਡਜ ਅਤੇ ਸਿਵਲ ਡਿਫੈਂਸ ਪੰਜਾਬ 17 ਬੇਅਜ਼ ਬਿਲਡਿੰਗ, ਸੈਕਟਰ 17, ਚੰਡੀਗੜ੍ਹ ਵਲੋਂ ਇਸ ਵਿਭਾਗ ਵਿਚ ਚੌਥੇ ਦਰਜੇ ਦੀਆਂ ਕੁਝ ਆਸਾਮੀਆਂ ਜੋ ਰਾਜ ਦੀਆਂ ਵਖ ਵਖ ਥਾਵਾਂ ਤੇ ਹਨ, ਲਈ ਸਾਦੇ ਕਾਗਜ਼ ਤੇ ਟੈਸਟੀਮੋਨੀਅਲਜ਼/ਸਰਟੀਫਿਕੇਟਾਂ ਦੀਆਂ ਤਸਦੀਕ ਕੀਤੀਆਂ ਕਾਪੀਆਂ ਸਹਿਤ ਦਰਖਾਸਤਾਂ ਮੰਗੀਆਂ ਜਾਂਦੀਆਂ ਹਨ ਜਿਸ ਵਿਚ ਪੂਰੇ ਵੇਰਵੇ ਦਿਤੇ ਹੋਣ। ਤਨਖਾਹ ਗਰੇਡ ਰੁਪੈ 300-430 ਜਮਾਂ ਇਸ ਤੇ ਮਿਲਣ ਵਾਲ ਹੋਰ ਭਤੇ। ਦਰਖਾਸਤਾਂ ਉਹਨਾਂ ਦੇ ਦਫ਼ਤਰ ਵਿਚ ਮਿਤੀ 20-4-81 ਤਕ ਪਹੁੰਚ ਜਾਣੀਆਂ ਚਾਹੀਦੀਆਂ ਹਨ। ਦਰਖਾਸਤ ਕਰਤਾ ਇੰਟਰਵਿਊ ਲਈ ਮਿਤੀ 23-4-81 ਨੂੰ ਸਵੇਰੇ 10 ਵਜੇ ਸਟੇਟ ਹੈਡਕੁਆਰਟਰਜ਼ ਪੰਜਾਬ ਹੋਮ ਗਾਰਡਜ਼, ਸੈਕਟਰ-17, ਚੰਡੀਗੜ੍ਹ ਵਿਖੇ ਆਪਣੇ ਮੌਲਕ ਸਰਟੀਫਿਕੇਟ ਲੈ ਕੇ ਹਾਜ਼ਰ ਹੋਣ। ਕਿਸੇ ਉਮੀਦਵਾਰ ਨੂੰ ਇੰਟਰਵਿਊ ਲਈ ਕੋਈ ਵਖਰਾ ਪਤਰ ਨਹੀਂ ਲਿਖਿਆ ਜਾਵੇਗਾ। ਇੰਟਰਵਿਊ ਲਈ ਹਾਜ਼ਰ ਹੋਣ ਵਾਸਤੇ ਕੋਈ ਟੀ.ਏ./ਡੀ. ਏ.ਅਦਾ ਨਹੀਂ ਕੀਤਾ ਜਾਏਗਾ।

2. ਸਿਵਿਲੀਅਨਜ਼ ਲਈ ਉਮਰ ਦੀ ਹਦ 17 ਤੋਂ 27 ਵਿਚ ਸੂਚੀ ਦਰਜ ਜਾਤੀਆਂ/ਪਛੜੀਆਂ ਸ਼੍ਰੇਣੀਆਂ ਲਈ ਛੋਟ 5 ਸਾਲ ਤਕ ਹੈ। ਆਸਾਮੀਆਂ ਵਿਚ ਰਿਜ਼ਰਵੇਸ਼ਨ ਸਰਕਾਰੀ ਪਾਲਸੀ ਅਨੁਸਾਰ ਹੋਵੇਗੀ। ਜੇ ਰਾਖਵੇਂ ਕੋਟੇ ਬਦਲੇ ਢੁਕਵੇਂ ਉਮੀਦਵਾਰ ਨਾ ਮਿਲੇ ਤਾਂ ਉਹ ਆਸਾਮੀਆਂ ਆਮ ਸ਼੍ਰੇਣੀ ਵਿਚੋਂ ਭਰੀਆਂ ਜਾਣਗੀਆਂ। ਉਮੀਦਵਾਰ ਪੜ੍ਹਿਆ ਲਿਖਿਆ ਅਤੇ ਰੁਜ਼ਗਾਰ ਦਫ਼ਤਰ ਵਿਚ ਅਵਸ਼ ਰਜਿਸਟਰਡ ਹੋਵੇ। ਉਹਨਾਂ ਨੂੰ ਇੰਟਰਵਿਊ ਸਮੇਂ ਆਪਣੇ ਨਾਲ ਰੁਜ਼ਗਾਰ ਦਫ਼ਤਰ ਦਾ ਰਜਿਸਟਰੇਸ਼ਨ ਕਾਰਡ ਲੈ ਕੇ ਆਉਣਾ ਚਾਹੀਦਾ ਹੈ।

ਪੀ.ਆਰ. 81/760

(ਇਸ਼ਤਿਹਾਰ)

ਮਾਰਕਿਟ ਕਮੇਟੀ, ਜੈਤੋ ਨੂੰ ਖਰੀਦ ਕੇਂਦਰ ਬਾਜਾਖਾਨਾ, ਮਲਣ ਅਤੇ ਕੋਟਲੀ ਅਬਲੂ ਲਈ ਛਾਂ ਦਾ ਪ੍ਰਬੰਧ ਕਰਨ ਲਈ ਈ.ਪੀ.ਟੈਂਟ/ਸ਼ਾਮਿਆਨੇ, ਕਨਾਤਾਂ ਛੋਲਦਾਰੀ ਲੋੜ ਅਨੁਸਾਰ ਚਾਹੀਦੇ ਹਨ। ਜਿਨਹਾਂ ਲਈ ਰੇਟ ਕੁਟੇਸ਼ਨਾਂ ਦੀ ਮੰਗ ਕੀਤੀ ਜਾਂਦੀ ਹੈ। ਇਹ ਕੁਟੇਸ਼ਨਾਂ ਮਿਤੀ 20-4-81 ਤਕ ਦਫਤਰ ਮਾਰਕਿਟ, ਕਮੇਟੀ, ਜੈਤੋ ਵਿਖੇ ਬੰਦ ਲਿਫਾਫੇ ਵਿਚ ਦਿਨ ਦੇ 11 ਵਜੇ ਤਕ ਪੁਜ ਜਾਣੀਆਂ ਚਾਹੀਦੀਆਂ ਹਨ, ਜੋ ਕਿ 21-4-81 ਨੂੰ ਸ਼ਾਮ ਦੇ 3 ਵਜੇ (ਜੋ ਹਾਜ਼ਰ ਹੋਣਾ ਚਾਹੁਣ) ਦੇ ਸਾਹਮਣੇ ਖੋਹਲੀਆਂ ਜਾਣਗੀਆਂ। ਉਪਰੋਕਤ ਮੰਤਵ ਲਈ 200/- ਰੁਪਿਆ ਬਤੌਰ ਅਰਨੈਸਟ ਮਨੀ ਕਮੇਟੀ ਪਾਸ ਬੈਂਕ ਡਰਾਫਟ ਜਾਂ ਨਕਦ ਜਮ੍ਹਾਂ ਕਰਵਾਉਣੀ ਪਵੇਗੀ।

(1) ਈ.ਪੀ. ਟੈਂਟ, ਛੋਲਦਾਰੀ, ਸ਼ਾਮਿਆਨੇ ਤੇ ਕਨਾਤਾਂ ਲੋੜ ਅਨੁਸਾਰ ਲਗਾਈਆਂ ਜਾਣਗੀਆਂ। ਹਰ ਵਸਤੂ ਦਾ ਕਿਰਾਏ ਦਾ ਰੇਟ ਪ੍ਰਤੀ ਦਿਨ ਦਿਤਾ ਜਾਵੇ।

(2) ਮੀਂਹ, ਹਨੇਰੀ ਆਦਿ ਨਾਲ ਹਰ ਤਰ੍ਹਾਂ ਦੇ ਹੋਏ ਨੁਕਸਾਨ ਦੀ ਜ਼ੁਮੇਂਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਸਮਾਨ ਠੀਕ ਹਾਲਤ ਚ ਰਖਣਾ ਪਵੇਗਾ।

(3) ਪ੍ਰਬੰਧਕ ਮਾਰਕੀਟ ਕਮੇਟੀ ਨੂੰ ਕਿਸੇ ਵੀ ਕੁਟੇਸ਼ਨ ਨੂੰ ਪ੍ਰਵਾਨ ਜਾਂ ਨਾ ਪ੍ਰਵਾਨ ਕਰਨ ਦੇ ਪੂਰੇ ਅਧਿਕਾਰ ਹੋਣਗੇ।

(4) ਕਿਸੇ ਵੀ ਟੁਟ ਭਜ ਹੋਣ ਕਾਰਣ ਛਾਂ ਆਦਿ ਦੇ ਪ੍ਰਬੰਧ ਵਿਚ ਵਿਘਨ ਪੈ ਜਾਣ ਕਾਰਣ ਉਸ ਦਿਨ ਦਾ ਕਿਰਾਇਆ ਨਹੀਂ ਦਿਤਾ ਜਾਵੇਗਾ। ਇਸ ਸਬੰਧ ਚ ਕੋਈ ਝਗੜਾ ਹੋਣ ਦੀ ਸੂਰਤ ਵਿਚ ਪ੍ਰਬੰਧਕ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ।

ਪ੍ਰਬੰਧਕ,
ਮਾਰਕਿਟ ਕਮੇਟੀ,
ਜੈਤੋ (ਫਰੀਦਕੋਟ)।

ਸੂਰਜ ਟੈਕਸਟਾਈਲ ਮਿਲਜ਼ ਮਲੋਟ (ਜ਼ਿਲਾ ਫਰੀਦਕੋਟ ਪੰਜਾਬ)
(ਨੈਸ਼ਨਲ ਟੈਕਸਟਾਈਲ ਕਾਰਪੋਰੇਸ਼ਨ (ਡੀ.ਪੀ. ਐਂਡ ਆਰ) ਲਿਮਟਿਡ ਦਾ ਇਕ ਯੂਨਿਟ)
(ਇਕ ਸਰਕਾਰੀ ਅਦਾਰਾ)

ਟੈਂਡਰ ਨੋਟਿਸ

ਸੂਰਜ ਟੈਕਸਟਾਈਲ ਮਿਲ ਮਲੋਟ ਵਿਖੇ ਹੇਠ ਲਿਖੇ ਉਸਾਰੀ ਦੇ ਕੰਮਾਂ ਲਈ ਪ੍ਰਵਾਨਤ/ਤਜਰਬਾਕਾਰ ਠੇਕੇਦਾਰਾਂ ਪਾਸੋਂ ਲੇਬਰ ਰੇਟ ਵਾਲੇ ਮੋਹਰਬੰਦ ਟੈਂਡਰ ਮਿਤੀ 30-4-81 ਨੂੰ ਬਾਅਦ ਦੁਪਹਿਰ 2 ਵਜੇ ਤਕ ਮੰਗੇ ਜਾਂਦੇ ਹਨ। ਟੈਂਡਰ ਉਸ ਦਿਨ ਸ਼ਾਮ 4 ਵਜੇ ਨਿਮਨ ਹਸਤਾਖਰੀ ਦੇ ਦਫਤਰ ਵਿਚ ਟੈਂਡਰਕਾਰਾਂ ਦੀ ਮੌਜੂਦਗੀ ਵਿਚ ਖੋਹਲੇ ਜਾਣਗੇ। ਟੈਂਡਰ ਫਾਰਮ 5/- ਰੁਪੈ ਪ੍ਰਤੀ ਫਾਰਮ ਨਕਦ ਅਦਾ ਕਰਕੇ ਇਸ ਦਫ਼ਤਰੋਂ ਕਿਸੇ ਕੰਮ ਵਾਲੇ ਦਿਨ ਲਏ ਜਾ ਸਕਦੇ ਹਨ।

ਕੰਮ ਦਾ ਵੇਰਵਾ

ਲੜੀ ਨੰ:	ਕੰਮ ਦਾ ਨਾਂ	ਅਨੁਮਾਨਤ ਲਾਗਤ (ਰੁਪੈ)	ਰਕਮ ਬਿਆਨਾ	ਕੰਮ ਲਈ ਸਮੇਂ ਦੀ ਹੱਦ
1.	ਰੀਲਿੰਗ ਸ਼ੈੱਡ ਅਤੇ ਯਾਰਨ ਗੁਦਾਮ ਦੀ ਉਸਾਰੀ।	122000/- ਰੁਪੈ	2440/- ਰੁਪੈ	6 ਮਹੀਨੇ

ਸ਼ਰਤਾਂ/—

(ੳ) ਰਕਮ ਬਿਆਨਾ ਤੋਂ ਬਿਨਾਂ ਟੈਂਡਰਾਂ ਤੇ ਵਿਚਾਰ ਨਹੀਂ ਕੀਤੀ ਜਾਏਗੀ।

(ਅ) ਨਿਮਨ ਹਸਤਾਖਰੀ ਦਾ ਕਿਸੇ ਇਕ ਜਾਂ ਸਾਰੇ ਟੈਂਡਰਾਂ ਨੂੰ ਰਦ ਕਰਨ ਦਾ ਅਧਿਕਾਰ ਰਾਖਵਾਂ ਹੈ।

(ੲ) ਵਿਸਥਾਰਿਤ ਡਰਾਇੰਗ/ਅਨੁਮਾਨ ਦਫਤਰੀ ਸਮੇਂ ਦੌਰਾਨ ਵੇਖੇ ਜਾ ਸਕਦੇ ਹਨ।

ਸਹੀ/-
(ਜੇ.ਐਸ. ਰਾਵਤ)
ਜਨਰਲ ਮੈਨੇਜਰ

10 ਰੁਪੈ ਨਾ ਦੇਣ ਤੇ ਕਤਲ ਕਰ ਦਿਤਾ

ਸਮਾਣਾ, 15 ਅਪ੍ਰੈਲ—ਇਥੋਂ 10 ਕਿਲੋਮੀਟਰ ਦੂਰ ਪਿੰਡ ਕੁਲਰਾਂ ਵਿਚ ਇਕ ਨੌਜਵਾਨ ਨੇ ਇਕ ਦੁਕਾਨਦਾਰ ਨੂੰ ਗੰਡਾਸੇ ਨਾਲ ਹਲਾਕ ਕਰ ਦਿਤਾ। ਨੌਜਵਾਨ ਨੇ ਉਸ ਦੁਕਾਨਦਾਰ ਪਾਸੋਂ ਸ਼ਰਾਬ ਲਈ 10 ਰੁਪੈ ਮੰਗੇ ਪਰ ਉਸ ਨੇ ਨਾ ਦਿਤੇ ਜਿਸ ਤੇ ਉਸ ਨੇ ਗੰਡਾਸੇ ਨਾਲ ਹਮਲਾ ਕਰ ਦਿਤਾ ਤੇ ਪਿਛੋਂ ਨਸ ਗਿਆ।

ਟੈਂਡਰ ਨੋਟਿਸ

ਗਵਰਨਰ ਹਰਿਆਣਾ ਦੇ ਵਾਸਤੇ ਅਤੇ ਤਰਫੋਂ ਪੀ.ਡਬਲਯੂ. ਡੀ. ਪਬਲਿਕ ਹੈਲਥ ਬਰਾਂਚ ਹਰਿਆਣਾ ਦੇ ਸੂਚੀਕਰਨ ਦੀ ਸੰਧੀ ਪ੍ਰਣਾਲੀ ਹੇਠ ਸੂਚੀਦਰਜ ਠੇਕੇਦਾਰਾਂ ਪਾਸੋਂ ਮੋਹਰਬੰਦ ਲਿਫਾਫੇ ਵਿਚ ਪ੍ਰਤੀਸ਼ਤ ਰੇਟ ਆਧਾਰ ਤੇ ਟੈਂਡਰ, ਜਿਹੜੇ ਨਿਮਨ ਹਸਤਾਖਰੀ ਦੇ ਦਫਤਰੋਂ 2/-ਰੁਪਏ ਪ੍ਰਤੀ ਫਾਰਮ ਦੀ ਨਕਦ ਅਦਾਇਗੀ ਨਾਲ ਮਿਲ ਸਕਣ ਵਾਲੇ ਨਿਸਚਤ ਫਾਰਮ ਤੇ ਹੋਣ, ਮੰਗੇ ਜਾਂਦੇ ਹਨ। ਟੈਂਡਰ ਦੇ ਨਾਲ ਬਿਆਨੇ ਦੀ ਰਕਮ ਨਿਮਨ ਹਸਤਾਖਰੀ ਦੇ ਨਾਂ ਬਕਾਇਦਾ ਪਲੈਜ ਖਜ਼ਾਨਾ ਰਸੀਦ ਜਾਂ ਕਿਸੇ ਅਨੁਸੂਚਿਤ ਬੈਂਕ ਦੀ ਡਿਪਾਜ਼ਿਟ ਐਟਕਾਲ/ਰਸੀਦ ਦੇ ਰੂਪ ਵਿਚ ਅਵਸ਼ ਭੇਜੀ ਜਾਏ। ਟੈਂਡਰ 5-5-1981 ਨੂੰ ਸ਼ਾਮ 3.00 ਵਜੇ ਬਾਅਦ ਦੁਪਹਿਰ ਉਹਨਾਂ ਠੇਕੇਦਾਰਾਂ ਜਾਂ ਉਹਨਾਂ ਦੇ ਅਧਿਕਾਰਤ ਪ੍ਰਤੀਨਿਧਾਂ ਦੀ ਹਾਜ਼ਰੀ ਵਿਚ ਖੋਹਲੇ ਜਾਣਗੇ, ਜਿਹੜੇ ਉਸ ਸਮੇਂ ਹਾਜ਼ਰ ਹੋਣਾ ਚਾਹੁਣਗੇ।

ਲੜੀ ਨੰ :	ਕੰਮ ਦਾ ਨਾਂ	ਲਗਪਗ ਲਾਗਤ	ਬਿਆਨੇ ਦੀ ਰਕਮ	ਸਮੇਂ ਦੀ ਹਦ	ਟੈਂਡਰ ਖੋਹਲਣ ਦੀ ਮਿਤੀ
1.	(ਸਰਸਾ ਟਾਊਨ ਵਿਚ ਮਾਸਟਰ ਸੀਵਰੇਜ ਮੁਹਈਆ ਕਰਨਾ) ਮੇਲਾ ਗਰਾਊਂਡ ਤੋਂ ਹਿਸਾਰੀਆ ਚੌਕ ਤਕ ਦੇ ਇਲਾਕੇ ਵਿਚ ਬੇਗੂ ਰੋਡ ਸਰਸਾ ਦੇ ਨਾਲ ਨਾਲ ਸੀਵਰ ਲਾਈਨ ਵਿਛਾਉਣੀ "30" (760 ਐਮ. ਐਮ.) ਆਈ/ਡੀ. ਬ੍ਰਿਕ ਸਰਕੂਲਰ ਨਾਨ-ਪ੍ਰੈਸ਼ਰ ਟਾਈਪ ਸੀਵਰ 1707 ਮੀਟਰ ਦੀ ਉਸਾਰੀ, ਮੈਨਹੋਲ ਚੈਂਬਰਾਂ ਤੇ ਹੋਰ ਸਾਰੇ ਸਬੰਧਤ ਕੰਮਾਂ ਦੀ ਉਸਾਰੀ।	740,000/- ਰੁ:	14800/-ਰੁ:	12 ਮਹੀਨੇ	5-5-81 ਸਵੇਰੇ 11 ਵਜੇ ਤਕ

ਨੋਟ :—(1) ਸ਼ਰਤਾਂ ਵਾਲੇ, ਤਾਰ ਰਾਹੀਂ ਭੇਜੇ ਬਿਆਨੇ ਦੀ ਰਕਮ ਤੋਂ ਬਿਨਾਂ ਆਏ ਟੈਂਡਰ ਪ੍ਰਵਾਨ ਨਹੀਂ ਕੀਤੇ ਜਾਣਗੇ। (2) ਬਿਆਨੇ ਦੀ ਰਕਮ ਨਕਦ ਪ੍ਰਵਾਨ ਨਹੀਂ ਕੀਤੀ ਜਾਏਗੀ। (3) ਟੈਂਡਰ ਫਾਰਮ ਕੇਵਲ ਸੂਚੀਕਰਨ/ਸੂਚੀਕਰਨ ਨਵੀਨੀ ਕਰਨ ਦਾ ਸਬੂਤ ਪੇਸ਼ ਕਰਨ ਅਤੇ ਕੰਮ ਲਈ ਉਪਰੋਕਤ ਰੂਪ ਵਿਚ ਬਿਆਨੇ ਦੀ ਰਕਮ ... ਪੇਸ਼ ਕਰਨ ਤੇ ਹੀ ਜਾਰੀ ਕੀਤੇ ਜਾਣਗੇ। (4) ਸਪੈਸੀਫਿਕੇਸ਼ਨ, ਡਰਾਇੰਗ, ਰੇਟਾਂ ਦੇ ਕਾਂਟਰੈਕਟ ਸ਼ਿਡਿਊਲ ਸਬੰਧੀ ਵੇਰਵਿਆਂ ਨੂੰ ਨਿਮਨ ਹਸਤਾਖਰੀ ਦੇ ਦਫ਼ਤਰ ਵਿਚ ਕੰਮ ਦੇ ਘੰਟਿਆਂ ਦੌਰਾਨ ਦੇਖਿਆ ਜਾ ਸਕਦਾ ਹੈ। (5) ਟੈਂਡਰਾਂ ਦੀ ਵਿਕਰੀ ਟੈਂਡਰ ਖੋਹਲਣ ਦੇ ਸਮੇਂ ਤੋਂ 1 ਘੰਟਾ ਪਹਿਲਾਂ ਬੰਦ ਕਰ ਦਿਤੀ ਜਾਏਗੀ।

ਵਾਸਤੇ ਅਤੇ ਤਰਫੋਂ ਗਵਰਨਰ ਹਰਿਆਣਾ
ਐਗਜ਼ੈਕਟਿਵ ਇੰਜੀਨੀਅਰ,
ਪੀ. ਡਬਲਯੂ. ਡੀ. ਪਬਲਿਕ ਹੈਲਥ ਡਵੀਜ਼ਨ,
ਸਰਸਾ-125055

ਪੀ.ਆਰ,ਡੀ.ਐਚ.(ਏ.ਡੀ.ਵੀ.ਟੀ-92)-81/6102-06

ਥੋਹੜੇ ਸਮੇਂ ਦਾ ਟੈਂਡਰ ਨੋਟਿਸ

(ਪੀ. ਆਰ. ਟੀ. ਸੀ.)

ਪਟਿਆਲਾ ਅਤੇ ਬਠਿੰਡਾ ਵਿਖੇ ਪੀ. ਆਰ. ਟੀ. ਸੀ. ਦੀ ਵਰਕਸ਼ਾਪ ਵਿਚ ਹੇਠ ਲਿਖੇ ਵਿਸਥਾਰ ਵਾਲੇ ਕੰਮਾਂ ਵਾਸਤੇ ਪੰਜਾਬ ਪੀ. ਡਬਲਿਊ. ਡੀ., ਐਮ. ਈ. ਐਸ., ਕੇਂਦਰੀ ਸਰਕਾਰ, ਪੰਜਾਬ ਰਾਜ ਬਿਜਲੀ ਬੋਰਡ ਅਤੇ ਹੋਰ ਅਜਿਹੀਆਂ ਸੰਸਥਾਵਾਂ ਦੇ ਪ੍ਰਵਾਨਿਤ ਠੇਕੇਦਾਰਾਂ ਪਾਸੋਂ ਪ੍ਰਤੀਸ਼ਤ/ਆਈਟਮ ਰੇਟ ਮੋਹਰਬੰਦ ਟੈਂਡਰ ਮੰਗੇ ਜਾਂਦੇ ਹਨ ਜੋ ਕਿ ਨਿਮਨ ਹਸਤਾਖਰੀ ਦੇ ਦਫਤਰ ਵਿਚ ਮਿਤੀ 24-4-1981 ਨੂੰ ਬਾਅਦ ਦੁਪਹਿਰ 3 ਵਜੇ ਤਕ ਪਹੁੰਚ ਜਾਣੇ ਚਾਹੀਦੇ ਹਨ। ਟੈਂਡਰ ਉਸੇ ਦਿਨ ਬਾਅਦ ਦੁਪਹਿਰ 3-30 ਵਜੇ, ਉਥੇ ਹਾਜ਼ਰ ਹੋਣ ਦੇ ਚਾਹਵਾਨ ਟੈਂਡਰਕਾਰਾਂ ਜਾਂ ਉਹਨਾਂ ਦੇ ਅਧਿਕਾਰਤ ਪ੍ਰਤੀਨਿਧਾਂ ਦੀ ਮੌਜੂਦਗੀ ਖੋਹਲੇ ਜਾਣਗੇ।

ਲੜੀ ਨੰ:	ਕੰਮ ਦਾ ਨਾਂ	ਅਨੁਮਾਨਤ ਲਾਗਤ	ਰਕਮ ਬਿਆਨਾ	ਸਮੇਂ ਦੀ ਹਦ
1.	ਪਟਿਆਲਾ ਦੇ ਮੌਜੂਦਾ ਬਸ ਸਟੈਂਡ ਵਿਖੇ ਦੁਕਾਨਾਂ ਦੀ ਉਸਾਰੀ।	56000/- ਰੁਪੈ	1100/- ਰੁਪੈ	3 ਮਹੀਨੇ
2	ਪਟਿਆਲਾ ਦੇ ਮੌਜੂਦਾ ਬਸ ਸਟੈਂਡ ਵਿਖੇ ਪਲੇਟ ਫਾਰਮ ਦੇ ਕਿਨਾਰਿਆਂ ਤੇ ਫਰਸ਼ਬੰਦੀ ਦੀਆਂ ਮੌਜੂਦਾ ਇਟਾਂ ਉਤੇ ਸੀਮਿੰਟ ਦਾ ਫਰਸ਼ ਬਣਾਣਾ।	33000/- ਰੁਪੈ	650/- ਰੁਪੈ	2 ਮਹੀਨੇ
3.	ਬਠਿੰਡਾ ਡਿਪੋ-II ਵਿਖੇ ਡਿਸਪੋਜ਼ਲ ਯਾਰਡ ਲਈ ਟੂਲ ਰੂਮ ਅਤੇ ਚਾਰ ਦੀਵਾਰੀ ਦੀ ਉਸਾਰੀ।	50000/- ਰੁਪੈ	1000/- ਰੁਪੈ	3 ਮਹੀਨੇ
4.	ਪਟਿਆਲਾ ਦੇ ਮੌਜੂਦਾ ਬਸ ਸਟੈਂਡ ਵਿਖੇ ਕੈਂਪਸ ਰੋਸ਼ਨੀ ਦੀ ਵਿਵਸਥਾ।	47291/- ਰੁਪੈ	550/- ਰੁਪੈ	2 ਮਹੀਨੇ
5.	ਪਟਿਆਲਾ ਦੇ Abodent ਬਸ ਸਟੈਂਡ ਵਿਖੇ ਡਿਪੋ I ਤੇ II ਦੀ ਦਫਤਰੀ ਥਾਂ ਵਿਚ ਅੰਦਰੂਨੀ ਵਾਇਰਿੰਗ।	32125/- ਰੁਪੈ	650/- ਰੁਪੈ	1 ਮਹੀਨਾ

ਟਰਮਜ਼ ਤੇ ਸ਼ਰਤਾਂ :

1. 10/- ਰੁਪੈ (ਮੋੜੇ ਨਹੀਂ ਜਾਣਗੇ) ਦੀ ਕੀਮਤ ਵਾਲੀਆਂ ਐਨ. ਆਈ. ਟੀ. ਦਸਤਾਵੇਜ਼ਾਂ ਇਸ ਦਫਤਰ ਵਿਚ ਸਾਰੇ ਕੰਮ ਵਾਲੇ ਦਿਨਾਂ ਨੂੰ ਸਵੇਰੇ 10 ਤੋਂ 12 ਵਜੇ ਅਤੇ ਟੈਂਡਰ ਖੋਹਲਣ ਵਾਲੇ ਦਿਨ ਬਾਅਦ ਦੁਪਹਿਰ 3 ਵਜੇ ਤਕ ਮਿਲ ਸਕਦੀਆਂ ਹਨ। ਟੈਂਡਰ ਦਸਤਾਵੇਜ਼, ਅਕਾਊਂਟਸ ਆਫੀਸਰ, ਪੀ. ਆਰ. ਟੀ. ਸੀ. ਪਟਿਆਲਾ ਵਲੋਂ ਜਾਰੀ ਨਕਦ ਰਸੀਦ ਦੀ ਅਧਾਰਟੀ ਤੇ ਜਾਰੀ ਕੀਤੀ ਜਾਏਗੀ।

2. ਨਿਸਚਿਤ ਰਕਮ ਬਿਆਨਾ, ਜਨਰਲ ਮੈਨੇਜਰ, ਪੀ. ਆਰ. ਟੀ. ਸੀ. ਪਟਿਆਲਾ ਦੇ ਹਕ ਵਿਚ ਪਲੈਜ ਪਟਿਆਲਾ ਵਿਖੇ ਅਦਾਇਗੀ ਯੋਗ ਡਿਮਾਂਡ ਡਰਾਫਟ ਜਾਂ ਨਕਦੀ ਦੀ ਸ਼ਕਲ ਵਿਚ ਟੈਂਡਰਾਂ ਦੇ ਨਾਲ ਭੇਜੀ ਜਾਣੀ ਚਾਹੀਦੀ ਹੈ।

3. ਠੇਕੇਦਾਰਾਂ ਨੂੰ ਟੈਂਡਰ ਦੇਣ ਤੋਂ ਪਹਿਲਾਂ ਕੰਮ ਵਾਲੀ ਥਾਂ ਅਤੇ ਕੁਐਰੀਆਂ ਵੇਖ ਲੈਣੀਆਂ ਚਾਹੀਦੀਆਂ ਹਨ।

4. ਇਜੇਹੇ ਕੰਮਾਂ ਦਾ ਕਾਫੀ ਤਜਰਬਾ ਰਖਣ ਵਾਲੇ ਠੇਕੇਦਾਰ ਨੂੰ ਹੀ ਇਹ ਕੰਮ ਅਲਾਟ ਕੀਤਾ ਜਾਏਗਾ।

5. ਟੈਂਡਰ ਦੋ ਲਿਫਾਫਿਆਂ ਵਿਚ ਦਿਤੇ ਜਾਣ। ਇਕ ਲਿਫਾਫੇ ਵਿਚ ਰਕਮ ਬਿਆਨਾ ਅਤੇ ਦੂਸਰੇ ਵਿਚ ਟੈਂਡਰ ਦਸਤਾਵੇਜ਼ਾਂ ਬੰਦ ਕੀਤੀਆਂ ਜਾਣ। ਰਕਮ ਬਿਆਨਾ ਤੋਂ ਬਿਨਾਂ ਵਾਲੇ ਟੈਂਡਰ ਰੱਦ ਕੀਤੇ ਜਾਣਗੇ।

6. ਸ਼ਰਤਾਂ ਵਾਲੇ, ਲੇਟ ਪਹੁੰਚੇ, ਅਧੂਰੇ ਅਤੇ ਤਾਰ ਰਾਹੀਂ ਆਏ ਟੈਂਡਰ ਰੱਦ ਕੀਤੇ ਜਾ ਸਕਦੇ ਹਨ।

7. ਠੇਕੇਦਾਰ ਨੂੰ ਇੱਟਾਂ ਦਾ ਪ੍ਰਬੰਧ ਆਪ ਕਰਨਾ ਹੋਵੇਗਾ, ਅਤੇ ਵਿਭਾਗ ਵਲੋਂ ਸੀਮਿੰਟ ਪੀ. ਡਬਲਿਊ. ਡੀ. ਦੇ ਮੌਜੂਦਾ ਰੇਟਾਂ ਤੇ ਸਪਲਾਈ ਕੀਤਾ ਜਾਵੇਗਾ।

8. ਨਿਮਨ ਹਸਤਾਖਰੀ ਦਾ ਬਿਨਾਂ ਕੋਈ ਕਾਰਨ ਦਸੇ ਕਿਸੇ ਇੱਕ ਜਾਂ ਸਾਰੇ ਟੈਂਡਰਾਂ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ।

9. ਟੈਂਡਰ 100 ਦਿਨਾਂ ਲਈ ਜਾਇਜ਼ ਰਹਿਣਗੇ।

ਸਹੀ/-
(ਇੰਜੀਨੀਅਰ ਪੀ. ਐਲ. ਮਿਤਲ)
ਐਗਜ਼ੈਕਟਿਵ ਇੰਜੀਨੀਅਰ (C W)
ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ,
ਪਟਿਆਲਾ।

1289/P. R. T. C./XEN-81.

ਸ਼ਿਵ ਦੀ ਯਾਦ ਚ ਕਲਾ ਕੇਂਦਰ
ਮਹਾਂਕਾਵਿ 'ਲੂਣਾ' ਨੂੰ ਫਿਲਮਾਉਣ ਦੀ ਮੰਗ

ਪਟਿਆਲਾ, 15 ਅਪਰੈਲ—ਡਾ: ਮਨੋਹਰ ਕੌਰ ਅਰਪਨ ਦੀ ਸੂਚਨਾ ਅਨੁਸਾਰ ਸ਼ਿਵ ਕੁਮਾਰ ਬਟਾਲਵੀ ਦੇ ਕੁਝ ਪ੍ਰਸੰਸਕਾਂ ਨੇ ਰਲਕੇ ਇਕ 'ਸੰਸਥਾ ਸਥਾਪਤ ਕੀਤੀ ਹੈ ਜਿਸਦਾ ਨਾਂਅ ਸ਼ਿਵ ਬਟਾਲਵੀ ਕਲਾ ਕੇਂਦਰ' ਰਖਿਆ ਗਿਆ ਹੈ। ਇਸ ਕੇਂਦਰ ਦਾ ਡਾ: ਸੁਰਜੀਤ ਸਿੰਘ ਸੇਠੀ ਨੂੰ ਸਰਬ ਸੰਮਤੀ ਨਾਲ ਕਨਵੀਨਰ ਚੁਣ ਲਿਆ ਗਿਆ ਸ:ਈਸ਼ਰ ਸਿੰਘ ਅਟਾਰੀ ਵਲੋਂ ਉਦਘਾਟਨ ਕਰਨ ਪਿਛੋਂ ਡਾ: ਸੇਠੀ ਨੇ ਮੰਗ ਕੀਤੀ ਕਿ ਕੇਂਦਰ ਵਲੋਂ ਕੁਝ ਲਾਇਬਰੇਰੀਆਂ ਸਥਾਪਤ ਕੀਤੀਆਂ ਜਾਣ ਜਿਥੇ ਸ਼ਿਵ ਨਾਲ ਸਬੰਧਤ ਸਾਹਿਤ ਤੇ ਹੋਰ ਸਮੱਗਰੀ ਉਪਲੱਬਧ ਹੋਵੇ। ਉਹਨਾਂ ਨੇ ਇਹ ਵੀ ਮੰਗ ਕੀਤੀ ਕਿ ਸ਼ਿਵ ਦੀ ਨਾਟਕੀ ਕਵਿਤਾ 'ਲੂਣਾ' ਨੂੰ ਫਿਲਮਾਇਆ ਜਾਵੇ, ਤਾਂ ਜੋ ਇਹ ਵਧ ਤੋਂ ਵਧ ਲੋਕਾਂ ਤਕ ਪੁਜ ਸਕੇ। ਪਰੋਫੈਸਰ ਕਿਰਪਾਲ ਸਿੰਘ ਕਸੇਲ ਨੇ ਜ਼ੋਰ ਦਿਤਾ ਕਿ ਨਿਰਾ ਸ਼ਿਵ ਨੂੰ ਨਹੀਂ, ਸਮੁਚੇ ਪੰਜਾਬੀ ਸਭਿਆਚਾਰ ਨੂੰ ਉਭਾਰਨ ਦੀ ਲੋੜ ਹੈ। ਡਾ: ਰਵਿੰਦਰ ਰਵੀ ਨੇ ਕਿਹਾ ਕਿ ਅਸੀਂ ਇਸ ਯਤਨ ਨਾਲ ਸ਼ਿਵ ਦੀ ਮਹਾਨਤਾ ਬਾਰੇ ਸਮੂਹਕ ਚੇਤਨਾ ਪੈਦਾ ਕਰ ਸਕਾਂਗੇ ਉਹਨਾਂ ਕਿਹਾ ਕਿ ਇਸ ਕੇਂਦਰ ਨੂੰ ਸਮੁਚੀ ਪੰਜਾਬੀ ਸੰਸਕ੍ਰਿਤੀ ਦੀ ਅਵਾਜ਼ ਬਣਨਾ ਚਾਹੀਦਾ ਹੈ ਜੋ ਸਾਡੀਆਂ ਹੋਰ ਸੰਸਥਾਵਾਂ ਤੇ ਵਰਸਿਟੀਆਂ ਨਹੀਂ ਬਣ ਸਕੀਆਂ। ਪ੍ਰੋ: ਤਰਲੋਚਨ, ਡਾ: ਤਰਲੋਕ ਸਿੰਘ ਆਨੰਦ, ਪ੍ਰੋ: ਸੁਰਿੰਦਰ ਖੇਰਾ, ਪ੍ਰੋ: ਗੁਰਚਰਨ ਸਿੰਘ ਰਾਹੀਂ, ਪ੍ਰੋ: ਜੀ. ਐਸ. ਪ੍ਰਭਾਤ ਤੇ ਸ:ਦਲੀਪ ਸਿੰਘ ਨੇ ਵੀ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਡਾਕਟਰਜੀਤ ਸਿੰਘ ਸੀਤਲ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ।(ਜ)

ਲੜਕੀ ਬਾਪ ਵਲੋਂ ਗੋਲੀ ਨਾਲ ਫਟੜ

ਸਮਾਣਾ, 15 ਅਪ੍ਰੈਲ—ਇਥੋਂ ਦੋ ਕਿਲੋਮੀਟਰ ਦੂਰ ਪਿੰਡ ਘਨੌੜ ਅਤੇ ਸਿਆਲਾਂ ਵਿਚਾਲੇ ਇਕ ਨੌਜਵਾਨ ਆਪਣੀ ਪ੍ਰੇਮਕਾ ਨੂੰ ਉਸ ਦੇ ਘਰ ਛਡਣ ਲਈ ਜਾ ਰਿਹਾ ਸੀ ਕਿ ਰਸਤੇ ਵਿਚ ਲੜਕੀ ਦੇ ਬਾਪ ਨੇ ਦੇਖ ਲਿਆ ਤੇ ਬੰਦੂਕ ਨਾਲ ਗੋਲੀ ਚਲਾ ਦਿਤੀ ਜੋ ਲੜਕੀ ਨੂੰ ਜਾ ਲਗੀ ਤੇ ਫਟੜ ਹੋ ਗਈ। ਇਸ ਦੌਰਾਨ ਨੌਜਵਾਨ ਨਸ ਗਿਆ।

ਖੇਤੀਬਾੜੀ ਯੂਨੀਅਨ ਦੀ ਧਮਕੀ ਦੀ ਨਿੰਦਾ

ਬੱਸੀ ਪਠਾਣਾ, 15 ਅਪਰੈਲ—ਜ਼ਿਲਾ ਪਟਿਆਲਾ ਕਾਂਗਰਸ ਕਮੇਟੀ(ਇ) ਦੇ ਜਥੇਬੰਦਕ ਸੈਕਟਰੀ ਅਤੇ ਪੁਰਾਣੇ ਸਰਕਰਦਾ ਕਾਂਗਰਸੀ ਨੇਤਾ ਡਾਕਟਰ ਵੇਦ ਪ੍ਰਕਾਸ਼ ਸ਼ਰਮਾ ਨੇ ਪੰਜਾਬ ਖੇਤੀ ਬਾੜੀ ਯੂਨੀਅਨ ਵਲੋਂ ਦਿਤੀ ਗਈ ਇਸ ਧਮਕੀ ਕਿ ਸ: ਦਰਬਾਰਾ ਸਿੰਘ ਨੂੰ ਕਿਸੇ ਪਿੰਡ ਵਿਚ ਭਾਸ਼ਨ ਨਹੀਂ ਕਰਨ ਦਿਆਂਗੇ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਕਲ੍ਹ ਇਥੇ ਇਕ ਪਰੈਸ ਕਾਨਫਰੰਸ ਵਿਚ ਉਹਨਾਂ ਨੇ ਕਿਹਾ ਕਿ ਸਾਨੂੰ ਖੇਤੀਬਾੜੀ ਯੂਨੀਅਨ ਦਾ ਚੈਲਿੰਜ ਮਨਜ਼ੂਰ ਹੈ। ਡਾ: ਸ਼ਰਮਾ ਨੇ ਕਿਹਾ ਕਿ ਪੰਜਾਬ ਕਾਂਗਰਸ (ਆਈ) ਵਰਕਰ ਮੁਖ ਮੰਤਰੀ ਦੇ ਨਾਲ ਹਨ। ਜੇਕਰ ਖੇਤੀਬਾੜੀ ਯੂਨੀਅਨ ਨੂੰ ਕੋਈ ਭੁਲੇਖਾ ਹੈ ਤਾਂ ਉਹ ਦੂਰ ਕਰ ਲਵੇ।

ਤੁਹਾਡੀ ਕਿਸਮਤ

ਪ੍ਰੋਫੈਸਰ ਅਜੀਤ ਸਿੰਘ 'ਗਿੱਲ' ਜੋਤਸ਼ਚਾਰ ਸਕਾਲਰ ਐਮ.ਏ.ਏ.ਐਸ. (ਜਨਮ ਪਤ੍ਰਿਆਂ ਤੇ ਸਿਤਾਰਿਆਂ ਦੇ ਮਾਹਰ) ਪਿੰਡ ਤੇ ਡਾਕਖਾਨਾ ਮੋਰਾਂਵਾਲੀ 144531

ਵੀਰਵਾਰ 16 ਅਪਰੈਲ, 81

ਰਾਸ਼ੀ ਫਲ

ਮੇਖ—ਮਾਣ ਵਧੇ, ਸੰਤਾਨ ਵਲੋਂ ਸਹਿਯੋਗ ਅਤੇ ਸੁਖ ਮਿਲੇ। ਬ੍ਰਿਖ—ਨਜ਼ਦੀਕੀਆਂ ਵਲੋਂ ਹਾਨੀ ਪਹੁੰਚੇ, ਘਰੇਲੂ ਅਸ਼ਾਂਤੀ ਰਹੇ, ਖਰਚ ਵਧੇ, ਯਾਤਰਾ ਹੋਵੇ। ਮਿਥਨ—ਵਿਛੜਿਆਂ ਨਾਲ ਮਿਲਾਪ ਹੋਵੇ, ਧਨ ਲਾਭ ਹੋਵੇ, ਭਾਈਆਂ ਵਲੋਂ ਸੁਖ ਅਤੇ ਲਾਭ ਮਿਲੇ। ਕਰਕ—ਆਮਦਨ ਦੇ ਸਾਧਨ ਮਜ਼ਬੂਤ ਹੋਣ, ਜਾਇਦਾਦ ਦਾ ਸੁਖ ਮਿਲੇ, ਸਰਕਾਰੀ ਕਾਰਜਾਂ ਵਿਚ ਸਫਲਤਾ ਮਿਲੇ। ਸਿੰਘ—ਮਾਣ ਵਧੇ, ਇਰਾਦਾ ਮਜ਼ਬੂਤ ਰਹੇ, ਕਿਸਮਤ ਸਾਥ ਦੇਵੇ, ਪਿਤਾ ਵਲੋਂ ਸਹਿਯੋਗ ਮਿਲੇ। ਕੰਨਿਆਂ—ਸਿਹਤ ਨਰਮ ਰਹੇ, ਸਰੀਰਕ ਕਸ਼ਟ ਹੋਵੇ, ਖਰਚ ਵਧੇ, ਯਾਤਰਾ ਹੋਵੇ। ਤੁਲਾ—ਇਸਤਰੀ ਦਾ ਸੁਖ, ਕਾਰੋਬਾਰੀ ਸਫਲਤਾ, ਧਨ ਲਾਭ ਹੋਵੇ, ਸਫਲਤਾ ਮਿਲੇ। ਬ੍ਰਿਸ਼ਚਕ—ਵਿਗੜੇ ਕਾਰਜ ਠੀਕ ਹੋਣ, ਸ਼ਤਰੂ ਨਿਰਬਲ ਰਹੇ, ਜਾਇਦਾਦ ਦਾ ਸੁਖ ਮਿਲੇ, ਰੁਜ਼ਗਾਰ ਵਿਚ ਉਨਤੀ ਹੋਵੇ। ਧਨ—ਸੰਤਾਨ ਦਾ ਸੁਖ, ਪਿਤਾ ਵਲੋਂ ਸਹਿਯੋਗ ਮਿਲੇ, ਕਿਸਮਤ ਸਾਥ ਦੇਵੇ। ਮਕਰ—ਨਜ਼ਦੀਕੀਆਂ ਵਲੋਂ ਸਹਿਯੋਗ ਮਿਲੇ, ਸਿਹਤ ਨਰਮ ਰਹੇ, ਖਰਚ ਦੀ ਤੰਗੀ ਹੋਵੇ। ਕੁੰਭ—ਵਿਛੜਿਆਂ ਨਾਲ ਮਿਲਾਪ, ਭਾਈਆਂ ਅਤੇ ਦੋਸਤਾਂ ਵਲੋਂ ਸਹਿਯੋਗ ਮਿਲੇ। ਮੀਨ—ਆਮਦਨ ਦੇ ਸਾਧਨ ਮਜ਼ਬੂਤ ਹੋਣ, ਵਿਗੜੇ ਕਾਰਜ ਠੀਕ ਹੋਣ, ਸ਼ਤਰੂ ਨਿਰਬਲ ਰਹੇ।

ਗੁਰੂ ਨਾਨਕ ਭਾਈ ਲਾਲੋ ਰਾਮਗੜ੍ਹੀਆ ਕਾਲਜ ਫਾਰਵੋਮੈਨ ਫਗਵਾੜਾ ਦੇ ਕਾਨਵੋਕੇਸ਼ਨ ਸਮਾਗਮ ਦੀ ਪ੍ਰਧਾਨਗੀ ਸ: ਮਨਮੋਹਨ ਸਿੰਘ ਵਿਦਿਆ ਸਕਤਰ ਪੰਜਾਬ ਨੇ ਕੀਤੀ ਅਤੇ ਵਿਦਿਆਰਥੀਆਂ ਨੂੰ ਡਿਗਰੀਆਂ ਤੇ ਇਨਾਮ ਵੰਡੇ। ਪ੍ਰਿੰ: ਮਿਸਜ਼ ਸਰਬਜੀਤ ਕੌਰ, ਪ੍ਰਧਾਨ ਆਰ. ਈ.ਸੀ. ਸ: ਪ੍ਰੀਤਮ ਸਿੰਘ ਭੰਗਲ ਅਤੇ ਸੈਕਟਰੀ ਸ: ਥੰਮਾ ਰਾਇ ਵੀ ਖੜੇ ਹਨ।

ਟੈਂਡਰ ਨੋਟਿਸ

ਹੇਠ ਲਿਖੇ ਕੰਮਾਂ ਲਈ ਲੋਕ ਨਿਰਮਾਣ ਵਿਭਾਗ ਦੇ ਪ੍ਰਵਾਨਿਤ ਠੇਕੇਦਾਰਾਂ/ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਪਾਸੋਂ 25/-ਰੁਪੈ ਪ੍ਰਤੀ ਨਕਦ ਅਦਾ ਕਰਨ ਤੇ ਮਿਲਣ ਯੋਗ ਨਿਰਧਾਰਤ ਫਾਰਮਾਂ ਉਪਰ ਮੋਹਰਬੰਦ ਟੈਂਡਰ ਮੰਗੇ ਜਾਂਦੇ ਹਨ ਜੋ ਨਿਮਨ ਹਸਤਾਖਰੀ ਵਲੋਂ ਹਿਸਾਰ ਵਿਖੇ ਹੇਠ ਲਿਖੀ ਤਰੀਕ ਨੂੰ ਸਵੇਰੇ 11 ਵਜੇ ਤਕ ਲਏ ਜਾਣਗੇ ਅਤੇ ਉਸੇ ਸਮੇਂ ਉਥੇ ਹਾਜ਼ਰ ਹੋਣ ਦੇ ਚਾਹਵਾਨ ਟੈਂਡਰਕਾਰਾਂ ਦੇ ਪ੍ਰਤੀਨਿਧਾਂ ਦੀ ਮੌਜੂਦਗੀ ਵਿਚ ਖੋਹਲੇ ਜਾਣਗੇ। ਟੈਂਡਰ ਫਾਰਮ ਕੇਵਲ ਉਹਨਾਂ ਨੂੰ ਜਾਰੀ ਕੀਤੇ ਜਾਣਗੇ ਜੋ ਰਕਮ ਬਿਆਨਾ ਐਗਜ਼ੈਕਟਿਵ ਇੰਜੀਨੀਅਰ, ਪ੍ਰਾਂਤਕ ਡਿਵੀਜ਼ਨ, ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ; ਹਿਸਾਰ ਦੇ ਹਕ ਵਿਚ ਪਲੈਜ ਚਾਲਾਨ ਖਜ਼ਾਨਾ, ਡਿਪਾਜ਼ਿਟ ਐਟਕਾਲ ਰਸੀਦ ਗੌਰਮਿੰਟ ਪ੍ਰੋਮਿਜ਼ਰੀ ਨੋਟ ਅਤੇ ਨੈਸ਼ਨਲ ਸੇਵਿੰਗ ਸਰਟੀਫਿਕੇਟਾਂ ਦੀ ਸ਼ਕਲ ਵਿਚ ਪੇਸ਼ ਕਰਨਗੇ।

ਟੈਂਡਰ ਦੀ ਮੰਗ ਵਾਲਾ ਵਿਸਥਾਰਿਤ ਨੋਟਿਸ ਨਿਮਨ ਹਸਤਾਖਰੀ ਦੇ ਦਫਤਰੋਂ ਕਿਸੇ ਕੰਮ ਵਾਲੇ ਦਿਨ ਦਫਤਰੀ ਸਮੇਂ ਵੇਖਿਆ ਜਾ ਸਕਦਾ ਹੈ। ਅਸਪਸ਼ਟ ਅਤੇ ਸ਼ਰਤਾਂ ਵਾਲੇ ਟੈਂਡਰ ਪ੍ਰਵਾਨ ਨਹੀਂ ਹੋਣਗੇ ਅਤੇ ਇਕ ਦਮ ਰੱਦ ਕੀਤੇ ਜਾਣਗੇ।

ਲੜੀ ਨੰ:	ਕੰਮ ਦਾ ਨਾਂ	ਲਗ ਪਗ ਰਕਮ	ਰਕਮ ਬਿਆਨਾ	ਸਮੇਂ ਦੀ ਹੱਦ	ਟੈਂਡਰ ਲੈਣ ਦੀ ਮਿਤੀ
1.	I.S.I. ਸਪੈਸੀਫਿਕੇਸ਼ਨਜ਼ ਅਨੁਸਾਰ ਬਿਲੈਟਸ/ਇਨਗੋਟਸ ਨੂੰ ਵਖ ਵਖ ਡਾਇਆ ਦੀਆਂ ਐਮ.ਐਸ. ਬਾਰਜ਼ ਅਤੇ ਟਾਰ ਵਿਚ ਤਬਦੀਲ ਕਰਨ ਵਾਸਤੇ ਰੀਰੋਲਿੰਗ।	1 ਲਖ ਰੁਪੈ	2000/- ਰੁਪੈ	ਇਕ ਮਹੀਨਾ	8/5/1981

ਵਾਸਤੇ ਅਤੇ ਵਲੋਂ ਗਵਰਨਰ ਹਰਿਆਣਾ

ਸਹੀ/- (ਜੀ.ਆਰ. ਸਿੰਗਲ)
ਐਗਜ਼ੈਕਟਿਵ ਇੰਜੀਨੀਅਰ,
ਹਿਸਾਰ ਪ੍ਰਾਂਤਕ ਡਿਵੀਜ਼ਨ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਹਿਸਾਰ।

PRDH (Advt-72)-81/6056-59

ਟੈਂਡਰ ਨੋਟਿਸ

ਗਵਰਨਰ ਹਰਿਆਣਾ ਵਲੋਂ ਹੇਠ ਲਿਖੇ ਕੰਮਾਂ ਲਈ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਅਤੇ ਪ੍ਰਵਾਨਿਤ ਠੇਕੇਦਾਰਾਂ ਪਾਸੋਂ 25/-ਰੁਪੈ ਪ੍ਰਤੀ ਨਕਦ ਅਦਾ ਕਰਨ ਤੇ ਮਿਲਣਯੋਗ ਨਿਰਧਾਰਤ ਫਾਰਮਾਂ ਉਪਰ ਟੈਂਡਰ ਮੰਗੇ ਹਨ। ਨਿਮਨ-ਹਸਤਾਖਰੀ ਵਲੋਂ ਟੈਂਡਰ ਮਦ ਅਗੇ ਦਿਤੀ ਤਰੀਕ ਨੂੰ ਬਾਅਦ ਦੁਪਹਿਰ 3 ਵਜੇ ਤਕ ਲਏ ਜਾਣਗੇ ਅਤੇ ਉਸੇ ਸਮੇਂ ਉਥੇ ਹਾਜ਼ਰ ਹੋਣ ਦੀਆਂ ਚਾਹਵਾਨ ਸਭਾਵਾਂ/ਠੇਕੇਦਾਰਾਂ ਜਾਂ ਉਹਨਾ ਦੇ ਏਜੰਟਾਂ ਦੀ ਮੌਜੂਦਗੀ ਵਿਚੋਂ ਖੋਹਲੇ ਜਾਣਗੇ। ਟੈਂਡਰ ਫਾਰਮ ਕੇਵਲ ਉਹਨਾਂ ਠੇਕੇਦਾਰਾਂ/ਸਭਾਵਾਂ ਨੂੰ ਜਾਰੀ ਕੀਤੇ ਜਾਣਗੇ, ਜੋ ਰਕਮ ਬਿਆਨਾ ਨਿਮਨ-ਹਸਤਾਖਰੀ ਦੇ ਅਹੁਦੇ ਦੇ ਹਕ ਵਿਚ ਪਲੈਜ ਚਾਲਾਨ ਖਜ਼ਾਨਾ, ਡਿਪਾਜ਼ਿਟ ਐਟ ਕਾਲ ਰਸੀਦ, ਗੌਰਮਿੰਟ ਪ੍ਰੋਮਜ਼ਰੀ ਨੋਟ ਅਤੇ ਨੈਸ਼ਨਲ ਸੇਵਿੰਗ ਸਰਟੀਫਿਕੇਟ ਦੀ ਸ਼ਕਲ ਵਿਚ ਪੇਸ਼ ਕਰਨਗੀਆਂ। ਇਸ ਡਿਵਿਜ਼ਨ ਵਿਚ ਪਹਿਲੀ ਵਾਰ ਟੈਂਡਰ ਦੇਣ ਵਾਲੇ ਠੇਕੇਦਾਰਾਂ ਨੂੰ ਇਨਲਿਸਟਮੈਂਟ ਸਰਟੀਫਿਕੇਟ ਦੀ ਤਸਦੀਕ ਕੀਤੀ ਕਾਪੀ ਅਤੇ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਨੂੰ ਰੈਜ਼ੂਲੇਸ਼ਨ ਦੀ ਕਾਪੀ ਪੇਸ਼ ਕਰਨੀ ਚਾਹੀਦੀ ਹੈ ਜੋ ਅਸਿਸਟੈਂਟ ਰਜਿਸਟਰਾਰ ਕੋਆਪਰੇਟਿਵ ਸੁਸਾਇਟੀਜ਼ ਵਲੋਂ ਤਸਦੀਕ ਕੀਤੀ ਹੋਵੇ, ਇਸ ਤੋਂ ਬਿਨਾਂ ਕੋਈ ਟੈਂਡਰ ਫਾਰਮ ਜਾਰੀ ਨਹੀਂ ਕੀਤਾ ਜਾਏਗਾ।

ਟੈਂਡਰਾਂ ਦੀ ਮੰਗ ਵਾਲਾ ਵਿਸਥਾਰਿਤ ਨੋਟਿਸ ਨਿਮਨ-ਹਸਤਾਖਰੀ ਦੇ ਦਫਤਰੋਂ ਕਿਸੇ ਕੰਮ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਵੇਖਿਆ ਜਾ ਸਕਦਾ ਹੈ। ਸ਼ਰਤਾਂ ਵਾਲੇ ਟੈਂਡਰ ਪ੍ਰਵਾਨ ਨਹੀਂ ਹੋਣਗੇ। ਟੈਂਡਰ ਖੋਹਲਣ ਤੋਂ ਪਿਛੋਂ ਕਿਸੇ ਠੇਕੇਦਾਰ ਵਲੋਂ ਸੋਧ ਕੀਤੀ ਗਈ, ਤਾਂ ਉਹ ਟੈਂਡਰ ਇਕ ਦਮ ਨਜ਼ਰ ਅੰਦਾਜ਼ ਕੀਤਾ ਜਾਏਗਾ। ਅਤੇ ਠੇਕੇਦਾਰ ਨੂੰ ਟੈਂਡਰ ਦੇਣ ਤੋਂ ਰੋਕਿਆ ਜਾ ਸਕਦਾ ਹੈ।

ਟੈਂਡਰ ਦੇਣ ਵਾਲੇ ਸਾਰੇ ਠੇਕੇਦਾਰ ਬਕਾਇਦਾ ਟੈਂਡਰ ਰਾਹੀਂ ਮੁਕਾਬਲੇ ਵਿਚ ਆਉਣ। ਡਾਕ ਰਾਹੀਂ ਪੇਸ਼ਕਸ਼ ਇਕ ਦਮ ਨਜ਼ਰ ਅੰਦਾਜ਼ ਕਰਨਯੋਗ ਹੋਵੇਗੀ। ਕੋਈ ਟੈਂਡਰਕਾਰ ਜੋ ਜਾਣ ਬੁਝ ਕੇ ਬਕਾਇਦਾ ਢੰਗ ਨਾਲ ਟੈਂਡਰ ਦੇਣ ਤੋਂ ਗੁਰੇਜ਼ ਕਰੇਗਾ ਅਤੇ ਪਿਛੋਂ ਕੇਵਲ ਕੰਮ ਦੀ ਅਲਾਟਮੈਂਟ ਵਿਚ ਦੇਰੀ ਲਈ ਡਾਕ ਰਾਹੀਂ ਟੈਂਡਰ ਭੇਜੇ ਤਾਂ ਉਸਨੂੰ ਸੂਚੀ ਤੋਂ ਖਾਰਜ ਕੀਤਾ ਜਾ ਸਕਦਾ ਹੈ।

ਲੜੀ ਨੰ:	ਕੰਮ ਦਾ ਨਾਂ	ਲਗਪਗ ਲਾਗਤ	ਬਿਆਨੇ ਦੀ ਰਕਮ: ਠੇਕੇਦਾਰ ਤੋਂ	ਬਿਆਨੇ ਦੀ ਰਕਮ: ਕ੍ਰਿਤ ਤੇ ਉਸਾਰੀ ਸਹਿਕਾਰੀ ਸਭਾਵਾਂ ਪਾਸੋਂ	ਟੈਂਡਰ ਲੈਣ ਦੀ ਮਿਤੀ	ਸਮੇਂ ਦੀ ਹਦ
1.	ਸਿਰਸਾ ਵਿਖੇ ਗੌਰਮਿੰਟ ਪੋਲੀਟੈਕਨੀਕ ਵਿਚ ਸਟਾਫ ਕੁਆਟਰਾਂ ਦੀ ਉਸਾਰੀ।	406900/- ਰੁਪੈ	8200/- ਰੁਪੈ	4100/-ਰੁਪੈ	30-4-81	6 ਮਹੀਨੇ

ਸਹੀ/- ਐਗਜ਼ੈਕਟਿਵ ਇੰਜੀਨੀਅਰ, ਪ੍ਰਾਂਤਕ ਡਵਿਜ਼ਨ ਨੰ: II
ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ, ਸਿਰਸਾ
ਗਵਰਨਰ ਹਰਿਆਣਾ ਦੇ ਵਲੋਂ ਅਤੇ ਵਾਸਤੇ

PRDH (Advt.) 53/81/5866-71

ਲੋ. ਨਿ. ਵਿ. ਜਨ ਸਿਹਤ ਮੰਡਲ, ਅੰਬਾਲਾ ਕੈਂਟ

ਟੈਂਡਰ ਨੋਟਿਸ

ਰਾਜਪਾਲ ਹਰਿਆਣਾ ਦੀ ਤਰਫੋਂ ਲੋ.ਨਿ.ਵਿ. ਜਨ ਸਿਹਤ ਸ਼ਾਖਾ ਹਰਿਆਣਾ ਦੇ ਪ੍ਰਵਾਨਤ ਠੇਕੇਦਾਰਾਂ ਤੋਂ ਨਿਰਧਾਰਤ ਫਾਰਮਾਂ ਤੇ ਜਿਹੜੇ ਨਿਮਨ ਹਸਤਾਖਰੀ ਦੇ ਦਫਤਰੋਂ 2/-ਰੁਪੈ ਪ੍ਰਤੀ ਦੀ ਅਦਾਇਗੀ ਨਾਲ ਮਿਲਣ ਯੋਗ ਹਨ, ਪ੍ਰਤੀਸ਼ਤ ਰੇਟ ਮੋਹਰਬੰਦ ਟੈਂਡਰ ਮੰਗੇ ਜਾਂਦੇ ਹਨ। ਟੈਂਡਰਾਂ ਨਾਲ ਖਜ਼ਾਨਾ ਚਲਾਣ/ਡਿਪਾਜ਼ਿਟ ਐਟਕਾਲ/ਅਨੁਸੂਚਿਤ ਬੈਂਕ ਦੀ ਰਸੀਦ ਦੀ ਸੂਰਤ ਵਿਚ ਰਕਮ ਬਿਆਨਾ ਆਉਣੀ ਜ਼ਰੂਰ ਚਾਹੀਦੀ ਹੈ, ਜਿਹੜੀ ਨਿਮਨ ਹਸਤਾਖਰੀ ਦੇ ਹੱਕ ਚ ਪਲੈਜ ਹੋਵੇ। ਟੈਂਡਰ ਹਰੇਕ ਕੰਮ ਅਗੇ ਦਸੀ ਤਰੀਕ ਤੇ ਸਮੇਂ ਨੂੰ ਉਸ ਸਮੇਂ ਹਾਜ਼ਰ ਹੋਣ ਦੇ ਚਾਹਵਾਨ ਠੇਕੇਦਾਰਾਂ ਜਾਂ ਉਹਨਾਂ ਦੇ ਅਧਿਕਾਰਤ ਪ੍ਰਤੀਨਿਧਾਂ ਦੀ ਹਾਜ਼ਰੀ ਵਿਚ ਖੋਹਲੇ ਜਾਣਗੇ। ਮੁਆਇਦੇ ਦੀਆਂ ਡਰਾਇੰਗਾਂ ਤੇ ਦਰਾਂ ਦੀ ਸੂਚੀ ਆਦਿ ਨਿਮਨ ਹਸਤਾਖਰੀ ਦੇ ਦਫਤਰੋਂ ਕੰਮ ਦੇ ਸਮੇਂ ਚ ਵੇਖੀ ਜਾ ਸਕਦੀ ਹੈ।

ਲੜੀ ਨੰ:	ਕੰਮ ਦਾ ਨਾਂ	ਅੰਦਾਜ਼ਨ ਲਾਗਤ	ਰਕਮ ਬਿਆਨਾ	ਸਮੇਂ ਦੀ ਹੱਦ	ਟੈਂਡਰ ਖੋਹਲਣ ਦੀ ਮਿਤੀ ਤੇ ਸਮਾਂ
1.	ਬਰਾੜਾ (Barara) ਜ਼ਿਲਾ ਅੰਬਾਲਾ ਵਿਖੇ ਪ੍ਰਸਤਾਵਿਤ ਅਨਾਜ ਮੰਡੀ ਚ ਸੀਵਰੇਜ ਸਕੀਮ ਮੁਹੱਈਆ ਕਰਨੀ। (ਸਕਰੀਨਿੰਗ ਚੈਂਬਰ ਕੁਲੈਕਟਿੰਗ ਟੈਂਕ, ਪੰਪ ਚੈਂਬਰ ਦੀ ਉਸਾਰੀ, ਆਰ.ਸੀ.ਸੀ. ਥੰਮੀਆਂ ਨਾਲ ਕੰਡਿਆਲੀ ਤਾਰ ਦੀ ਵਾੜ ਲਾਉਣੀ। ਸਟਾਫ ਕੁਆਰਟਰ ਪੱਕਾ ਫਰਸ਼, ਮੇਨ ਹੋਲ, ਐਸ.ਡਬਲਿਊ.ਪਾਈਪ ਲਾਈਨ ਤੇ ਸੀ.ਆਈ. ਰਾਈਜ਼ਿੰਗ ਮੇਨ ਮੁਹੱਈਆ ਕਰਨੀ ਤੇ ਵਿਛਾਉਣੀ ਤੇ ਇਸ ਨਾਲ ਸਬੰਧਤ ਹੋਰ ਸਾਰੇ ਕੰਮ ਕਰਨੇ :।	485000/-	9700/-	12 ਮਹੀਨੇ	12-5-81 ਸਵੇਰੇ 11 ਵਜੇ
2.	ਬਰਾੜਾ ਜ਼ਿਲਾ ਅੰਬਾਲਾ ਵਿਖੇ ਪ੍ਰਸਤਾਵਿਤ ਦਾਣਾ ਮੰਡੀ ਚ ਵਾਟਰ ਸਪਲਾਈ ਸਕੀਮ ਮੁਹੱਈਆ ਕਰਨੀ। (ਚੌਕੀਦਾਰ ਕੁਆਰਟਰ-ਕਮ ਸਟੋਰ ਰੂਮ ਦੀ ਉਸਾਰੀ, ਆਰ.ਸੀ.ਸੀ. ਥੰਮੀਆਂ ਨਾਲ ਕੰਡਿਆਲੀ ਤਾਰ ਦੀ ਵਾੜ ਲਾਉਣੀ। ਰਾਈਜ਼ਿੰਗ ਮੇਨ ਤੇ ਡਿਸਟਰੀਬਿਊਸ਼ਨ ਸਿਸਟਮ ਵਿਛਾਉਣਾ ਤੇ ਇਸ ਨਾਲ ਸਬੰਧਤ ਹੋਰ ਸਾਰੇ ਕੰਮ ਕਰਨੇ।	50,000/-	1000/-	6 ਮਹੀਨੇ	12-5-81 ਸਵੇਰੇ 11 ਵਜੇ

ਨੋਟਿਸ :1. ਬਿਆਨੇ ਦੀ ਰਕਮ ਨਕਦ ਨਹੀਂ ਲਈ ਜਾਵੇਗੀ।

2. ਟੈਂਡਰ ਫਾਰਮ ਰਕਮ ਬਿਆਨਾ ਜਮ੍ਹਾਂ ਕਰਾਉਣ ਦਾ ਸਬੂਤ ਵਿਖਾਉਣ ਪਿਛੋਂ ਹੀ ਜਾਰੀ ਕੀਤੇ ਜਾਣਗੇ। ਇਹ ਕੰਮ ਵਾਲੇ ਦਿਨ ਦਫਤਰ ਦੇ ਸਮੇਂ ਚ ਜਾਰੀ ਕੀਤੇ ਜਾਣਗੇ।

3. ਟੈਂਡਰ ਖੁਲ੍ਹਣ ਤੋਂ 2 ਘੰਟੇ ਪਹਿਲਾਂ ਟੈਂਡਰ ਫਾਰਮ ਜਾਰੀ ਕਰਨੇ ਬੰਦ ਕਰ ਦਿਤੇ ਜਾਣਗੇ।

4. ਸ਼ਰਤਾਂ ਵਾਲੇ/ਤਾਰ ਰਾਹੀਂ ਆਏ ਟੈਂਡਰ ਪ੍ਰਵਾਨ ਨਹੀਂ ਕੀਤੇ ਜਾਣਗੇ।

5. ਨਿਮਨ ਹਸਤਾਖਰੀ ਕੋਲ ਬਿਨਾ ਕੋਈ ਕਾਰਨ ਦਸਿਆਂ ਸਭ ਤੋਂ ਘਟ ਰੇਟ ਵਾਲੇ ਟੈਂਡਰ ਨੂੰ ਪ੍ਰਵਾਨ ਜਾਂ ਰਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।

ਸਹੀ/— (ਐਸ. ਐਲ. ਚੋਪੜਾ)
ਕਾਰਜਕਾਰੀ ਇੰਜੀਨੀਅਰ ਲੋ. ਨਿ. ਵਿ. ਜਨ ਸਿਹਤ ਮੰਡਲ
ਅੰਬਾਲਾ ਛਾਉਣੀ, ਵਾਸਤੇ ਅਤੇ ਵਲੋਂ ਰਾਜਪਾਲ ਹਰਿਆਣਾ

ਪੀ.ਆਰ.ਡੀ.ਐਚ. (ਵਿਗਿਆ) 59/81/5988-93